ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ

ਅਪ੍ਰੈਲ-ਜੂਨ 2022

ਅੰਕ 17ਵਾਂ

# ਪਰਵਾਸ

## ਆਸਟਰੇਲੀਆ ਵਿਸ਼ੇਸ਼ ਅੰਕ



ਪਰਵਾਸੀ ਸਾਹਿਤ ਅਧਿਐਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

parvasggn@gmail.com, 09187290-80250,09195010-27522

# ਪਰਵਾਸੀ ਸਾਹਿਤ ਅਧਿਐਨ ਕੇਂਦਰ



**ਪਰਵਾਸ ਦਾ 16ਵਾਂ ਅੰਕ ਰਿਲੀਜ਼ ਕਰਦੇ ਡਾ. ਸ. ਪ. ਸਿੰਘ, ਪ੍ਰੋ. ਜਗਜੀਤ ਕੌਰ, ਪ੍ਰੋ. ਜਸਵੰਤ ਸਿੰਘ ਗਿੱਲ (ਸਿਡਨੀ), ਸ. ਹਰਸ਼ਰਨ ਸਿੰਘ ਨਰੂਲਾ (ਮੈਂਬਰ ਕੌਂਸਲ) ਅਤੇ ਕਾਲਜ ਦੇ ਅਧਿਆਪਕ**




**ਬਲਵਿੰਦਰ ਸਿੰਘ ਚਾਹਲ ਲੇਖਕ (ਯੂ. ਕੇ.) ਨੂੰ ਸਨਮਾਨਿਤ ਕਰਦੇ ਹੋਏ**

ਪੁਸਤਕ ਲੜੀ-17 ਅਪ੍ਰੈਲ-ਜੂਨ 2022

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

**ਮੁੱਖ ਸੰਪਾਦਕ**
**ਡਾ. ਸ. ਪ. ਸਿੰਘ**

**ਮੁੱਖ ਪ੍ਰਬੰਧਕ**

ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**

ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**

ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**

ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਵਨੀਤਾ (ਦਿੱਲੀ)
+919811323640
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**

ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

**ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ ਸੰਧੂ +919465642568**

# ਇਸ ਅੰਕ ਵਿੱਚ

**ਸੰਪਾਦਕੀ** — **ਡਾ. ਸ. ਪ. ਸਿੰਘ**

**ਲੇਖ** 7–13

ਆਸਟਰੇਲੀਆ ਵਿੱਚ ਰਚਿਆ ਜਾ ਰਿਹਾ ਸਾਹਿਤ — ਡਾ. ਅਵਤਾਰ ਸਿੰਘ ਸੰਘਾ

**ਆਸਟਰੇਲੀਆ ਦੀਆਂ ਸਾਹਿਤ ਸਭਾਵਾਂ ਦੀ ਜਾਣਕਾਰੀ** 14–38

ਪੰਜਾਬੀ ਸਾਹਿਤਕ ਫੋਰਮ ਸਿਡਨੀ

ਪੰਜਾਬੀ ਸੰਗੀਤ ਸੈਂਟਰ ਸਿਡਨੀ

ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ

ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ

ਸਾਹਿਤ ਸੁਮੇਲ ਸੰਸਥਾ ਸਾਊਥ ਆਸਟਰੇਲੀਆ

ਪੰਜਾਬੀ ਸੱਥ ਮੈਲਬਰਨ, ਆਸਟਰੇਲੀਆ

ਪੰਜਾਬੀ ਸੱਥ ਪਰਥ ਐਸੋਸੀਏਸ਼ਨ

ਪੰਜਾਬੀ ਸਾਹਿਤ ਅਕਾਡਮੀ ਸਿਡਨੀ ਆਸਟਰੇਲੀਆ

**ਆਸਟਰੇਲੀਆ ਵੱਸਦੇ ਪਰਵਾਸੀ ਪੰਜਾਬੀ ਲੇਖਕ** 39–67

**ਸੱਜਣ ਮੇਰੇ ਰੰਗੁਲੇ** 68–76

ਅਜੀਤ ਰਾਹੀ ਦੀ ਸਾਹਿਤਕ ਦੇਣ — ਡਾ. ਕੇਵਲ ਸਿੰਘ ਪਰਵਾਨਾ

**ਸਰਗਰਮੀਆਂ** 77–89

## ਸੰਪਾਦਕੀ

# ਆਸਟਰੇਲੀਆ ਦਾ ਪੰਜਾਬੀ ਸਾਹਿਤ: ਨਵੇਂ ਦਿਸਹੱਦੇ



ਪਰਵਾਸੀ ਪੰਜਾਬੀ ਸਾਹਿਤ ਨੇ ਅੱਜ ਵਿਸ਼ਵ ਪੱਧਰ 'ਤੇ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟਰੇਲੀਆ ਵਿੱਚ ਗਿਣਾਤਮਕ ਤੇ ਗੁਣਾਤਮਕ ਪੱਖੋਂ ਹੋਰਨਾਂ ਮੁਲਕਾਂ ਨਾਲੋਂ ਵਧੇਰੇ ਸਾਹਿਤ ਲਿਖਿਆ ਜਾ ਰਿਹਾ ਹੈ। ਇਨ੍ਹਾਂ ਵੱਖ-ਵੱਖ ਮੁਲਕਾਂ ਵਿੱਚ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਨੇਕਾਂ ਸਾਹਿਤ ਸਭਾਵਾਂ ਪ੍ਰਭਾਵਸ਼ਾਲੀ ਭੂਮਿਕਾ ਨਿਭਾਅ ਰਹੀਆਂ ਹਨ। ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਪਰਵਾਸ ਮੈਗਜ਼ੀਨ ਦੇ ਇਸ ਆਸਟਰੇਲੀਆ ਵਿਸ਼ੇਸ਼ ਅੰਕ ਵਿੱਚ ਆਸਟਰੇਲੀਆ ਦੀਆਂ ਸਾਹਿਤ ਸਭਾਵਾਂ ਤੇ ਲੇਖਕਾਂ ਨੂੰ ਇੱਕ ਲੜੀ ਵਿੱਚ ਪਰੋਣ ਦਾ ਯਤਨ ਕੀਤਾ ਹੈ। ਇਸ ਪ੍ਰਸੰਗ ਵਿੱਚ ਜਦੋਂ ਆਸਟਰੇਲੀਆ ਦੀਆਂ ਸਾਹਿਤ ਸਭਾਵਾਂ ਤੇ ਲੇਖਕਾਂ ਨਾਲ ਸੰਪਰਕ ਕੀਤਾ ਗਿਆ ਤਾਂ ਨਤੀਜਾ ਇਹ ਨਿਕਲਿਆ ਕਿ ਆਸਟਰੇਲੀਆ ਦੇ ਵੱਖ ਵੱਖ ਖਿੱਤਿਆਂ ਵਿੱਚ ਕਾਰਜਸ਼ੀਲ ਇਨ੍ਹਾਂ ਸਾਹਿਤ ਸਭਾਵਾਂ ਦਾ ਆਪਸੀ ਰਾਬਤਾ/ਤਾਲਮੇਲ ਓਨਾ ਮਜ਼ਬੂਤ ਨਹੀਂ ਹੈ ਜਿੰਨਾ ਹੋਣਾ ਚਾਹੀਦਾ ਹੈ। ਸੋ ਇਸ ਅੰਕ ਵਿੱਚ ਅਸੀਂ ਆਸਟਰੇਲੀਆ ਦੀਆਂ ਅੱਠ ਸਾਹਿਤ ਸਭਾਵਾਂ ਦੀ ਜਾਣਕਾਰੀ ਤੇ ਸਰਗਰਮੀਆਂ ਅਤੇ 70 ਦੇ ਕਰੀਬ ਲੇਖਕਾਂ ਦੀਆਂ ਪ੍ਰਕਾਸ਼ਨਾਵਾਂ, ਉਨ੍ਹਾਂ ਦੇ ਸੰਪਰਕ ਨੰਬਰ ਤੇ ਸੰਖੇਪ ਵਾਕਫ਼ੀਅਤ ਕਰਵਾਉਣ ਦਾ ਯਤਨ ਕੀਤਾ ਹੈ। ਅਗਲੇਰੇ ਅੰਕ ਵਿੱਚ ਇਸੇ ਹੀ ਤਰ੍ਹਾਂ ਹੋਰ ਮੁਲਕਾਂ ਦੀਆਂ ਸਾਹਿਤ ਸਭਾਵਾਂ ਤੇ ਲੇਖਕਾਂ ਦੇ ਵੇਰਵੇ ਇਕੱਤਰ ਕਰਕੇ ਅੰਤਿਮ ਰੂਪ ਵਿੱਚ ਇੱਕ ਡਾਇਰੈਕਟਰੀ ਵਜੋਂ ਪ੍ਰਕਾਸ਼ਿਤ ਕੀਤਾ ਜਾਵੇਗਾ, ਜਿਸ ਨਾਲ ਦੁਨੀਆ ਭਰ ਦੇ ਲੇਖਕਾਂ ਦਾ ਬਿਓਰਾ ਆਸਾਨੀ ਨਾਲ ਪ੍ਰਾਪਤ ਹੋ ਜਾਵੇਗਾ। ਮੈਂ ਇਸ ਉਪਰਾਲੇ ਲਈ ਆਸਟਰੇਲੀਆ ਦੇ ਉਨ੍ਹਾਂ ਲੇਖਕਾਂ ਤੇ ਸਾਹਿਤ ਸਭਾਵਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਹ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਭਰਪੂਰ ਸਹਿਯੋਗ ਦਿੱਤਾ। ਡਾ. ਤੇਜਿੰਦਰ ਕੌਰ ਤੇ ਪ੍ਰੋ. ਸ਼ਰਨਜੀਤ ਕੌਰ ਨੂੰ ਵਧਾਈ ਵੀ ਦਿੰਦਾ ਹਾਂ ਤੇ ਧੰਨਵਾਦ ਵੀ ਕਰਦਾ ਹਾਂ ਜਿਨ੍ਹਾਂ ਬੜੀ ਮਿਹਨਤ ਨਾਲ ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਵਿਉਂਤਬੱਧ ਕੀਤਾ।

**ਸ. ਪ. ਸਿੰਘ (ਡਾ.)**
**ਮੁੱਖ ਸੰਪਾਦਕ**

## ਪਰਵਾਸੀ ਸਾਹਿਤ ਅਧਿਐਨ ਕੇਂਦਰ

# ਸਪਸ਼ਟੀਕਰਨ

ਤ੍ਰੈ-ਮਾਸਿਕ ਪਰਚਾ ਪਰਵਾਸ, ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦਾ ਹਿੱਸਾ ਹੈ।

ਅਕਾਦਮਿਕ ਦ੍ਰਿਸ਼ਟੀਕੋਣ ਤੋਂ ਕਾਲਜ ਅੰਦਰ 2011 ਤੋਂ ਪਰਵਾਸੀ ਸਾਹਿਤ ਅਧਿਐਨ ਕੇਂਦਰ ਸਥਾਪਤ ਕੀਤਾ ਗਿਆ ਹੈ ਜਿਸ ਦਾ ਮਨੋਰਥ ਪਰਵਾਸੀ ਪੰਜਾਬੀ ਸਾਹਿਤ ਦਾ ਮੁੱਲਾਂਕਣ, ਪ੍ਰਸਾਰ ਤੇ ਪ੍ਰਚਾਰ ਕਰਨਾ ਹੈ। **ਇਸ ਵੱਲੋਂ ਗੁਣਵੱਤਾ ਦੇ ਆਧਾਰ ’ਤੇ ਹੀ ਰਚਨਾਵਾਂ ਸੰਬੰਧੀ ਚਰਚਾ ਤੇ ਪਰਖ਼ ਪੜਚੋਲ ਕੀਤੀ ਕਰਵਾਈ ਜਾਂਦੀ ਹੈ। ਪਰ ਇਹ ਗੱਲ ਸਾਫ਼ ਹੈ ਕਿ ਇਹ ਕਾਰਜ ਬਿਨਾਂ ਕਿਸੇ ਵਿੱਤੀ ਲੋਭ ਲਾਲਚ ਦੇ ਨਿਭਾਇਆ ਜਾਂਦਾ ਹੈ। ਪੁਸਤਕ ਚਰਚਾ, ਵੈਬੀਨਾਰ, ਕਵੀ ਦਰਬਾਰ, ਪੁਸਤਕ ਰੀਵਿਊ ਅਤੇ ਦੇਸ਼ ਵਿਦੇਸ਼ ਵਿੱਚ ਛਪਦੀਆਂ ਮਹੱਤਵਪੂਰਨ ਲਿਖਤਾਂ ਸੰਬੰਧੀ ਜਾਣਕਾਰੀ ਦੇਣਾ ਸਾਡਾ ਸਪਸ਼ਟ ਉਦੇਸ਼ ਹੈ।**

**‘ਪਰਵਾਸ’ ਪੱਤ੍ਰਿਕਾ ਦੇ ਪ੍ਰਕਾਸ਼ਨ ਲਈ ਕਿਸੇ ਵੀ ਸਾਹਿਤ ਪ੍ਰੇਮੀ ਵੱਲੋਂ ਅਦਾਰੇ ਦੀਆਂ ਗਤੀਵਿਧੀਆਂ ਨੂੰ ਵਧੇਰੇ ਗਤੀਸ਼ੀਲ ਬਨਾਉਣ ਲਈ ਚੈੱਕ ਰਾਹੀਂ ਆਰਥਕ ਸਹਾਇਤਾ ਪ੍ਰਵਾਨ ਕੀਤੀ ਜਾ ਸਕਦੀ ਹੈ। ਪੁਸਤਕ ਪ੍ਰਕਾਸ਼ਨ ਲਈ ਅਸੀਂ ਕੇਵਲ ਅਗਵਾਈ ਹੀ ਦੇ ਸਕਦੇ ਹਾਂ ਤਾਂ ਕਿ ਕੁਝ ਲਾਲਚੀ ਪ੍ਰਕਾਸ਼ਕਾਂ ਵੱਲੋਂ ਹੋਣ ਵਾਲੇ ਸ਼ੋਸ਼ਣ ਤੋਂ ਪਰਵਾਸੀ ਲੇਖਕਾਂ ਨੂੰ ਬਚਾਇਆ ਜਾ ਸਕੇ।**

ਇਸ ਕੇਂਦਰ ਸਬੰਧੀ ਕਿਸੇ ਕਿਸਮ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਪ੍ਰਭਾਵਤ ਹੋਣ ਦੀ ਥਾਂ ਇਨ੍ਹਾਂ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਡਾ. ਤੇਜਿੰਦਰ ਕੌਰ**
8729080250

**ਪ੍ਰੋ. ਸ਼ਰਨਜੀਤ ਕੌਰ**
9501027522

**ਈਮੇਲ: parvasggn@gmail.com**

**ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਾਪਤ ਹੋਏ ਆਰਥਿਕ ਸਹਿਯੋਗ**

## ਧੰਨਵਾਦ

**ਪੰਜਾਬ ਭਵਨ, ਸਰੀ (ਕੈਨੇਡਾ), ਸਾਹਿਤ ਸੁਰ ਸੰਗਮ ਸਭਾ (ਇਟਲੀ), ਨਕਸ਼ਦੀਪ ਪੰਜਕੋਹਾ (ਅਮਰੀਕਾ), ਸੁਰਿੰਦਰ ਸਿੰਘ ਸੁੰਨੜ (ਅਮਰੀਕਾ), ਐਸ਼ਕਮ ਐਸ਼ਵਿਕ (ਅਮਰੀਕਾ), ਚਰਨ ਸਿੰਘ (ਕੈਨੇਡਾ), ਪ੍ਰੋ. ਸਰਬਜੀਤ ਸਿੰਘ ਸਰੀ (ਕੈਨੇਡਾ)**

# ਆਸਟਰੇਲੀਆ ਵਿੱਚ ਪੰਜਾਬੀ ਸਾਹਿਤ

## ਅਵਤਾਰ ਐਸ. ਸੰਘਾ (ਡਾ.)

ਆਸਟਰੇਲੀਆ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:-

1. ਇੱਥੋਂ ਦੇ ਪੱਕੇ ਪੰਜਾਬੀ ਬਾਸ਼ਿੰਦਿਆਂ ਦੁਆਰਾ ਰਚਿਆ ਜਾ ਰਿਹਾ ਸਾਹਿਤ

2. ਇੱਥੇ ਕੁੱਝ ਮਹੀਨਿਆਂ ਲਈ ਸੈਲਾਨੀ ਦੇ ਤੌਰ ਤੇ ਆ ਰਹੇ ਪੰਜਾਬੀਆਂ ਜਾ ਭਾਰਤੀਆਂ ਦੁਆਰਾ ਰਚਿਆ ਜਾ ਰਿਹਾ ਸਾਹਿਤ।



ਪਿਛਲੇ ਤਕਰੀਬਨ 22 ਸਾਲਾਂ ਦੇ ਤਜ਼ਰਬੇ ਤੋਂ ਮੈਂ ਦੇਖ ਰਿਹਾ ਹਾਂ ਕਿ ਆਸਟਰੇਲੀਆ ਨੂੰ ਪੰਜਾਬ ਚੋਂ ਜਿੰਨੇ ਵੀ ਸੇਵਾਮੁਕਤ ਸੈਲਾਨੀ ਆਪਣੇ ਬੱਚਿਆਂ ਨੂੰ ਮਿਲਣ ਆਏ ਹਨ। ਉਹਨਾਂ ਵਿੱਚੋਂ 30-40 ਫੀਸਦੀ ਦੇ ਕਰੀਬ ਮਾੜੇ ਮੋਟੇ ਸਾਹਿਤਕਾਰ ਹਨ। ਇਹਨਾਂ ਵਿੱਚ ਕਈ ਲਿਖਾਰੀ ਐਸੇ ਵੀ ਹੁੰਦੇ ਹਨ ਜਿਹੜੇ ਭਾਰਤ ਵਿੱਚ ਰਹਿੰਦੇ ਹੋਏ ਆਪਣੀ ਛਪਣ ਦੀ ਲਾਲਸਾ ਪੂਰੀ ਨਹੀਂ ਕਰ ਸਕੇ ਹੁੰਦੇ। ਜਦ ਉਹ ਇੱਥੇ ਆ ਜਾਂਦੇ ਹਨ ਤਾਂ ਉਹਨਾਂ ਦੀ ਇੱਥੋਂ ਦੀਆਂ ਅਖ਼ਬਾਰਾਂ ਤੱਕ ਪਹੁੰਚ ਆਸਾਨ ਹੋ ਜਾਂਦੀ ਹੈ। ਇਸਦਾ ਵੱਡਾ ਕਾਰਨ ਦੋਹਾਂ ਦੇਸ਼ਾਂ ਦੀ ਆਬਾਦੀ ਹੈ। ਭਾਰਤ ਜਿਹੇ ਦੇਸ਼ ਵਿੱਚ ਹਰ ਪਾਸੇ ਲੰਬੀਆਂ ਕਤਾਰਾਂ ਹਨ। ਕਿਸੇ ਵੀ ਕੰਮ ਲਈ ਵਾਰੀ ਮੁਸ਼ਕਿਲ ਨਾਲ ਆਉਂਦੀ ਏ। ਕਈ ਵਾਰ ਸਿਫਾਰਸ਼ੀ ਮੂਹਰੇ ਹੋ ਜਾਂਦੇ ਹਨ ਤੇ ਅਸਲੀ ਪ੍ਰਤਿਭਾ ਪਿੱਛੇ ਰਹਿ ਜਾਂਦੀ ਹੈ। ਆਸਟਰੇਲੀਆ ਹਰ ਪੱਖੋਂ ਕਿਸੇ ਦੀ ਕਲਾ ਦੀ ਕਦਰ ਕਰਨ ਵਾਲਾ ਦੇਸ਼ ਹੈ। ਅਬਾਦੀ ਸਿਰਫ਼ ਢਾਈ ਕਰੋੜ ਹੈ ਤੇ ਖੇਤਰਫ਼ਲ ਭਾਰਤ ਦੇ ਖੇਤਰਫ਼ਲ ਤੋਂ ਤਕਰੀਬਨ ਢਾਈ ਗੁਣਾ ਜ਼ਿਆਦਾ ਹੈ। ਬੰਦਿਆਂ ਦੀ ਘਾਟ ਹੈ ਤੇ ਚੀਜ਼ਾਂ ਦੀ ਬਹੁਤਾਤ ਹੈ। ਕੋਈ ਗੁਣੀ ਗਿਆਨੀ ਕਿੱਥੇ ਹੈ- ਇੱਕ ਦਮ ਪਤਾ ਲੱਗ ਜਾਂਦਾ ਏ। ਲਿਖਾਰੀਆਂ ਦੀ ਪੁਸਤਕ ਦੇ ਰੂਪ ਵਿੱਚ ਛਪਣ ਦੀ ਤਾਂਘ ਦੋਹਾਂ ਦੇਸ਼ਾਂ ਦੀ ਕਰੰਸੀ ਕਰ ਦਿੰਦੀ ਹੈ। ਆਮ ਸਾਧਾਰਨ ਆਕਾਰੀ ਪੁਸਤਕ ਪੰਜਾਬ ਵਿੱਚ ਪੰਜ ਛੇ ਸੌ ਆਸਟਰੇਲੀਅਨ ਡਾਲਰ ਨਾਲ ਛਪ ਜਾਂਦੀ ਹੈ। ਇੱਧਰ ਇੱਕ ਕਾਮਾ ਇੰਨੇ ਪੈਸੇ 5-6 ਦਿਨਾਂ ਵਿੱਚ ਹੀ ਕਮਾ ਲੈਂਦਾ ਹੈ। ਭਾਰਤ ਵਿੱਚ ਇੰਨੇ ਪੈਸੇ ਇੱਕ ਸਾਧਾਰਨ ਮੁਲਾਜ਼ਮ 20-25 ਦਿਨ ਵਿੱਚ ਕਮਾਉਂਦਾ ਹੈ। ਆਸਟਰੇਲੀਆ ਵਿੱਚ ਹਰ ਵਿਅਕਤੀ ਨੂੰ ਸਾਢੇ ਕੁ ਪੈਂਹਟ ਸਾਲ ਦੀ ਉਮਰ ਵਿੱਚ ਪੱਕੀ ਪੈਨਸ਼ਨ ਮਿਲ ਜਾਂਦੀ ਹੈ। ਇੱਥੇ ਪੱਕੇ ਤੌਰ 'ਤੇ ਰਹਿੰਦੇ ਹੋਏ ਕਈ ਵਿਅਕਤੀ ਸਿਰਜਣਾ ਵੱਲ ਵੀ ਇਸ ਕੁ

ਉਮਰ ਵਿੱਚ ਹੀ ਧਿਆਨ ਦਿੰਦੇ ਹਨ। ਬੁਢਾਪੇ ਵੱਲ ਨੂੰ ਵਧਣ ਕਾਰਨ ਖਰਚੇ ਘੱਟ ਜਾਂਦੇ ਹਨ ਤੇ ਖ਼ਿਆਲਾਂ ਦੀ ਪਕਿਆਈ ਤੇ ਵਿਹਲਾਪਣ ਇਹਨਾਂ ਨੂੰ ਕਲਮ ਚੁੱਕਣ ਨੂੰ ਉਕਸਾਉਂਦਾ ਏ। ਅਖ਼ਬਾਰਾਂ ਆਮ ਪਹੁੰਚ ਵਿੱਚ ਹੁੰਦੀਆਂ ਹੀ ਹਨ। ਅਖ਼ਬਾਰਾਂ ਦੇ ਸੰਪਾਦਕ ਇਹਨਾਂ ਪ੍ਰੌਢ ਵਿਅਕਤੀਆਂ ਦੁਆਰਾ ਰਚੀਆਂ ਕ੍ਰਿਤਾਂ ਨੂੰ ਸੁਧਾਰ ਕੇ ਕੁੱਝ ਹੋਰ ਲਿਸ਼ਕਾ ਦਿੰਦੇ ਹਨ। ਜਦ ਇਹ ਸਥਾਨਕ ਅਖ਼ਬਾਰਾਂ ਵਿੱਚ ਛਪ ਜਾਂਦੀਆਂ ਹਨ ਫਿਰ ਇਹਨਾਂ ਲਿਖਾਰੀਆਂ ਦਾ ਇਨ੍ਹਾਂ ਲਿਖਤਾਂ ਨੂੰ ਪੁਸਤਕ ਦਾ ਰੂਪ ਦੇਣ ਨੂੰ ਦਿਲ ਕਰਨ ਲੱਗ ਪੈਂਦਾ ਹੈ। ਕਈ ਸੋਚਦੇ ਹਨ ਕਿ ਦੁਨੀਆ ਤੋਂ ਜਾਣ ਲੱਗੇ ਆਪਣੀ ਕੋਈ ਪੱਕੀ ਯਾਦ ਛੱਡੀ ਜਾਵੇ। ਗੋਰਿਆਂ ਦੇ ਸਭਿਆਚਾਰ ਨਾਲ ਇੱਕਮਿਕ ਹੋ ਜਾਣ ਤੋਂ ਬਾਅਦ ਪੁਸਤਕਾਂ ਨੂੰ ਆਪਣੀ ਯਾਦ ਵਜੋਂ ਛੱਡ ਕੇ ਜਾਣਾ ਇੱਕ ਮਹਾਨ ਕਾਰਜ ਸਮਝਿਆ ਜਾਂਦਾ ਹੈ।

ਸਾਹਿਤ ਦੇ ਮੁਢਲੇ ਤੌਰ ਤੇ ਦੋ ਰੂਪ ਹੁੰਦੇ ਹਨ ਕਵਿਤਾ ਤੇ ਵਾਰਤਕ। ਇਹਨਾਂ ਵਿੱਚੋਂ ਹੀ ਅੱਗੇ ਗ਼ਜ਼ਲ, ਵਾਰ, ਮਹਾਂਕਾਵਿ, ਗੀਤ, ਨਾਵਲ, ਕਹਾਣੀ, ਨਿਬੰਧ ਆਦਿ ਨਿਕਲਦੇ ਹਨ। ਇਤਿਹਾਸ, ਪੱਤਰਕਾਰੀ, ਸਮਾਜ ਸ਼ਾਸਤਰ, ਮਨੋਵਿਗਿਆਨ ਆਦਿ ਨਾਲ ਸੰਬੰਧਿਤ ਲਿਖਾਰੀਆਂ ਨੂੰ ਕਿਸੇ ਅਲੱਗ ਲੇਖ ਵਿੱਚ ਬਿਆਨਿਆ ਜਾ ਸਕਦਾ ਹੈ। ਆਸਟਰੇਲੀਆ ਦੇ ਛੇ ਸੂਬੇ ਹਨ ਤੇ ਦੋ ਖੇਤਰ ਹਨ। ਬਹੁਤੇ ਲਿਖਾਰੀ ਇਹਨਾਂ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਹੀ ਰਹਿੰਦੇ ਹਨ।

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਨਿਊ ਸਾਊਥ ਵੇਲਜ਼ ਦੀ, ਜਿਸਦਾ ਸਭ ਤੋਂ ਮਸ਼ਹੂਰ ਸ਼ਹਿਰ ਇੱਥੋਂ ਦੀ ਰਾਜਧਾਨੀ ਸਿਡਨੀ ਹੈ। ਇਸ ਸੂਬੇ ਦਾ ਸਭ ਤੋਂ ਪਹਿਲਾਂ ਪੰਜਾਬੀ ਕਵੀ ਤੇ ਵਾਰਤਕ ਲਿਖਾਰੀ ਅਜੀਤ ਰਾਹੀ ਸੀ, ਜਿਹੜਾ ਡੇਢ ਕੁ ਸਾਲ ਪਹਿਲਾਂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਉਸਦੀ ਰਿਹਾਇਸ਼ ਇਸ ਸੂਬੇ ਦੇ ਸ਼ਹਿਰ ਗ੍ਰਿਫਤਥ (Griffiths) ਵਿੱਚ ਅਤੇ ਸਿਡਨੀ ਦੋਹਾਂ ਵਿੱਚ ਹੀ ਸੀ। ਪੰਜਾਬ ਵਿੱਚ ਪਿੱਛਿਓਂ ਉਹ ਨਵਾਂਸ਼ਹਿਰ ਦੇ ਨੇੜੇ ਕਿਸੇ ਪਿੰਡ ਦਾ ਸੀ, ਜਦ ਪੰਜਾਬ ਵਿੱਚ ਨਕਸਲੀ ਲਹਿਰ ਪੈਦਾ ਹੋਈ ਤਾਂ ਉਹ ਉਸ ਵਿੱਚ ਕੁੱਦ ਪਿਆ। ਪੁਲਿਸ ਦੇ ਤਸੀਹੇ ਝੱਲੇ। 1979 ਵਿੱਚ ਉਹ ਕਿਸੇ ਹੀਲੇ ਆਸਟਰੇਲੀਆ ਪਹੁੰਚ ਗਿਆ। ਸਿਡਨੀ ਦਾ ਇੱਕ ਹੋਰ ਲੇਖਕ ਗਿਆਨੀ ਸੰਤੋਖ ਸਿੰਘ ਉਹਦੇ ਬਾਰੇ ਇਵੇਂ ਲਿਖਦਾ ਹੈ:-

"1979 ਵਿੱਚ ਮੈਂ ਅਤੇ ਅਜੀਤ ਰਾਹੀ ਅਗੱੜ-ਪਿਛੱੜ ਹੀ ਆਸਟਰੇਲੀਆ ਪਹੁੰਚੇ ਸੀ। ਥਾਈਲੈਂਡ, ਮਲੇਸ਼ੀਆ, ਸਿੰਗਾਪੁਰ, ਇੰਡੋਨੇਸ਼ੀਆ, ਕੈਲੇਫੋਰਨੀਆ ਮੁਲਕਾਂ ਵਿੱਚ ਦੀ ਵਿਚਰਦੇ ਹੋਏ ਇੱਥੇ ਅੱਪੜੇ ਸੀ। ਰਾਹੀ ਜੀ ਸ਼ਾਇਦ ਸਿੰਘਾਪੁਰ ਤੋਂ ਸਿੱਧੇ ਹੀ ਆ ਗਏ ਸਨ। ...... ਦੂਜੀ ਵਾਰ ਰਾਹੀ ਨਾਲ ਮੇਰਾ ਮੇਲ ਜੂਨ 1984 ਵਿੱਚ ਉਦੋਂ ਹੋਇਆ

## ਆਸਟਰੇਲੀਆ ਵਿੱਚ ਪੰਜਾਬੀ ਸਾਹਿਤ– ਡਾ. ਅਵਤਾਰ ਐਸ. ਸੰਘਾ

ਜਦੋਂ ਉਹ ਹਿੰਦੋਸਤਾਨੀ ਫੌਜਾਂ ਦੇ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਹਮਲੇ ਵਿਰੁੱਧ ਸਿਡਨੀ ਵਿੱਚ ਹੋਣ ਵਾਲੇ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਲਈ ਗ੍ਰਿਫਤਥ ਅਤੇ ਨੇੜਲੇ ਟਾਊਨਾਂ ਦੇ ਸਿੱਖਾਂ ਦਾ ਜਥਾ ਲੈ ਕੇ ਆਏ। ਸ. ਅਜੀਤ ਸਿੰਘ ਰਾਹੀ ਕੱਟੜ ਕਮਿਊਨਿਸਟ ਵਿਚਾਰਧਾਰਾ ਦੇ ਮਾਲਕ ਸੀ। ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਉਸਨੇ ਨਾ ਕੇਵਲ ਨਕਸਲੀ ਲਹਿਰ ਵਿੱਚ ਹਿੱਸਾ ਲਿਆ ਬਲਕਿ ਉਸ ਬਾਰੇ ਕਵਿਤਾ ਅਤੇ ਵਾਰਤਕ ਵੀ ਸੱਬਰਕੱਤੀ ਲਿਖੀ। ...... ਇਸਤੋਂ ਅੱਗੇ ਤਾਂ ਫਿਰ ਚਾਹੇ ਉਸਨੇ ਕਵਿਤਾ ਲਿਖੀ ਜਾ ਵਾਰਤਕ ਤੇ ਜਾ ਫਿਰ '**ਨਾਦਰਸ਼ਾਹ ਦੀ ਵਾਪਸੀ** ਵਰਗਾ ਵੱਡਾ ਨਾਵਲ ਲਿਖਿਆ ਉਸ ਵਿੱਚ ਜੂਨ ਚੌਰਾਸੀ ਤੋਂ ਬਾਅਦ ਦੇਸ ਵਿੱਚ ਵਾਪਰਨ ਵਾਲੇ ਜ਼ੁਲਮ ਦੇ ਖਿਲਾਫ਼ ਹੀ ਲਿਖਿਆ।''

ਉਨਾਂ ਦੀਆਂ 22 ਪੁਸਤਕਾਂ ਵਿੱਚੋਂ ਅੱਜ ਦਾ ਗੌਤਮ (ਕਾਵਿ-ਸੰਗ੍ਰਹਿ), ਤਵੀ ਤੋਂ ਤਲਵਾਰ ਤੱਕ (ਕਾਵਿ-ਸੰਗ੍ਰਹਿ), 'ਅਸੀਂ ਤੇ ਸੋਚਿਆ ਨਹੀਂ ਸੀ' (ਕਾਵਿ-ਸੰਗ੍ਰਹਿ), 'ਇਹ ਦਿਨ ਵੀ ਆਉਣੇ ਸੀ' (ਕਾਵਿ-ਸੰਗ੍ਰਹਿ), 'ਮੈਂ ਪਰਤ ਆਵਾਂਗਾ' (ਕਾਵਿ-ਸੰਗ੍ਰਹਿ), 'ਪਾਕਿਸਤਾਨ ਦਾ ਸਫ਼ਰਨਾਮਾ', 'ਧੁਖਦੀ ਧੂਣੀ' (ਨਾਵਲ), 'ਸੁਲਗਦਾ ਸੱਚ' (ਨਾਵਲ), 'ਬਾਗੀ ਮਹਿਮਾ' (ਨਾਵਲ), 'ਸਤਲੁਜ ਗਵਾਹ ਹੈ' (ਨਾਵਲ), 'ਕਬਰ ਜਿਨ੍ਹਾਂ ਦੀ ਜੀਵੇ ਹੂ' (ਵਾਰਤਕ)। 'ਆਪਣੇ ਸਨਮੁਖ' (ਵਾਰਤਕ), 'ਨੌਕਰੀ' (ਕਹਾਣੀ-ਸੰਗ੍ਰਹਿ) ਆਦਿ ਦੇ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

ਅਜੀਤ ਰਾਹੀ ਤੋਂ ਬਾਅਦ ਦੂਸਰਾ ਵੱਡਾ ਸਾਹਿਤਕ ਹਸਤਾਖ਼ਰ ਐਸ. ਸਾਕੀ ਹੈ। ਇਸ ਦਾ ਦੇਹਾਂਤ ਅਜੇ ਚਾਰ ਪੰਜ ਮਹੀਨੇ ਪਹਿਲਾਂ ਹੀ 84 ਸਾਲ ਦੀ ਉਮਰ ਵਿੱਚ ਹੋਇਆ ਹੈ। ਇਹ ਤੇ ਇਹਨਾਂ ਦੀ ਪਤਨੀ ਦਿੱਲੀ ਦੇ ਨੇੜੇ ਇੱਕ ਵਿਦਿਅਕ ਸੰਸਥਾ ਚਲਾਉਂਦੇ ਸਨ। ਇਹਨਾਂ ਦਾ ਵਾਹ ਟੈਗੋਰ ਦੇ ਸ਼ਾਂਤੀ ਨਿਕੇਤਨ ਨਾਲ ਵੀ ਰਿਹਾ ਸੀ। ਆਪਣੇ ਜਿਉਂਦੇ ਜੀਅ ਇਨ੍ਹਾਂ ਨੇ ਪੰਜਾਬੀ ਨਾਵਲ ਤੇ ਕਹਾਣੀ ਵਿੱਚ ਚੰਗਾ ਨਾਮਣਾ ਖੱਟਿਆ। ਇਹਨਾਂ ਦੇ ਨਾਵਲਾਂ ਵਿੱਚ 'ਛੋਟਾ ਸਿੰਘ', 'ਨਿਕਰਮੀ', 'ਵੱਡਾ ਆਦਮੀ', 'ਭੱਖੜੇ', 'ਰੰਡੀ ਦੀ ਧੀ', 'ਇੱਕ ਤਾਰਾ ਚਮਕਿਆ', 'ਬੇਦਖ਼ਲ' ਆਦਿ ਕਹਾਣੀਆਂ ਵਿੱਚ 'ਫਿਰ ਨਾਸਤਿਕ', 'ਸਰਦਾਰ ਬਹਾਦਰ', 'ਦੋ ਬਲਦੇ ਸਿਵੇ', 'ਹਮਿ ਚਾਕਰ ਗੋਬਿੰਦ ਕੇ' ਆਦਿ ਕਾਬਲੇ ਗੌਰ ਹਨ। ਇਨ੍ਹਾਂ ਨੇ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਤੋਂ ਇਲਾਵਾ ਹੋਰ ਵੀ ਕਈ ਇਨਾਮ ਪ੍ਰਾਪਤ ਕੀਤੇ ਸਨ।

ਗਿਆਨੀ ਸੰਤੋਖ ਸਿੰਘ ਵੀ ਆਸਟਰੇਲੀਆ ਵਿੱਚ 1979 ਵਿੱਚ ਹੀ ਪਹੁੰਚੇ ਸਨ। ਉਹ ਇੱਕ ਤਰੀਕੇ ਨਾਲ ਅਜੀਤ ਰਾਹੀ ਦੇ ਸਮਕਾਲੀ ਹੀ ਹਨ। ਉਹਨਾਂ ਬਾਰੇ ਕਾਫ਼ੀ ਸਮਾਂ ਪਹਿਲਾਂ ਮੈਂ ਇੱਕ ਲੇਖ ਲਿਖਿਆ ਸੀ 'ਨਿਰੋਲ ਧਾਰਮਿਕ ਫ਼ਿਜ਼ਾ 'ਚੋਂ ਪੈਦਾ ਸਾਹਿਤਕ

ਹਸਤਾਖ਼ਰ'। ਉਨ੍ਹਾਂ ਦੀ ਬਹੁਤੀ ਲੇਖਣੀ ਤਿੰਨ ਪਹਿਲੂਆਂ ਦੁਆਲੇ ਘੁੰਮਦੀ ਹੈ– ਦਰਬਾਰ ਸਾਹਿਬ ਅੰਮ੍ਰਿਤਸਰ, ਸਿੱਖ ਸਿਆਸਤ ਤੇ ਵਿਸ਼ਵ ਭਰ ਦੀਆਂ ਯਾਤਰਾਵਾਂ। ਜੇ ਮੈਂ ਕਹਾਂ ਕਿ ਗਿਆਨੀ ਜੀ ਆਸਟਰੇਲੀਆ ਦੇ ਸਭ ਪਰਵਾਸੀਆਂ ਤੋਂ ਵੱਧ ਸਾਰੇ ਸੰਸਾਰ ਵਿੱਚ ਘੁੰਮੇ ਹੋਏ ਹਨ ਤਾਂ ਇਹ ਅਤਿਕਥਨੀ ਨਹੀਂ ਹੋਵੇਗਾ। ਉਹ ਪਿੱਛਿਓ ਅੰਮ੍ਰਿਤਸਰ ਦੇ ਹਨ। ਸਭ ਤੋਂ ਪਹਿਲਾਂ ਉਹ ਸਿੱਖ ਪ੍ਰਚਾਰਕ ਦੇ ਤੌਰ ਤੇ ਅਫ਼ਰੀਕਾ ਦੇ ਦੇਸ ਮਲਾਵੀ ਗਏ ਸਨ। ਘੁੰਮਦੇ ਘੁਮਾਉਂਦੇ ਉਹਨਾਂ ਨੇ ਪੱਕੇ ਡੇਰੇ ਸਿਡਨੀ ਆ ਕੇ ਲਾਏ। ਉਹਨਾਂ ਵਿੱਚ ਲਿਖਣ ਦੀ ਚੇਟਕ 60 ਸਾਲ ਦੀ ਉਮਰ ਤੋਂ ਬਾਅਦ ਜਾਗੀ। ਉਹ ਸਾਹਿਤ ਦੀ ਝੋਲੀ ਅੱਠ ਇਹ ਪੁਸਤਕਾਂ ਪਾ ਚੁੱਕੇ ਹਨ 'ਸੱਚੇ ਦਾ ਸੱਚਾ ਢੋਆ', 'ਉੱਜਲ ਕੈਂਹਾ ਚਿਲਕਣਾ', 'ਯਾਦਾਂ ਭਰੀ ਚੰਗੇਰ', 'ਬਾਤਾਂ ਬੀਤੇ ਦੀਆਂ', 'ਜੋ ਵੇਖਿਆ ਸੋ ਆਖਿਆ', 'ਸਾਦੇ ਸਿੱਧਰੇ ਲੇਖ', 'ਜਿੰਨੇ ਮੂੰਹ ਓਨੀਆਂ ਗੱਲਾਂ', 'ਕੁੱਝ ਏਧਰੋਂ, ਕੁੱਝ ਉੱਧਰੋਂ"।

ਡਾ. ਅਵਤਾਰ ਐਸ. ਸੰਘਾ ਸਾਢੇ ਪੱਚੀ ਸਾਲ ਬੀ. ਏ. ਐਸ. ਖ਼ਾਲਸਾ ਕਾਲਜ ਗੜ੍ਹਸ਼ੰਕਰ ਤੇ ਡੀ. ਏ. ਵੀ. ਕਾਲਜ ਚੰਡੀਗੜ੍ਹ ਵਿੱਚ ਅੰਗਰੇਜ਼ੀ ਪੜ੍ਹਾ ਕੇ ਸੰਨ 2000 ਵਿੱਚ ਪਰਿਵਾਰ ਸਮੇਤ ਸਿਡਨੀ ਆ ਵੱਸਿਆ ਸੀ। ਆਸਟਰੇਲੀਆ ਕਿਸੇ ਵੀ ਦੇਸ ਦੀ ਯੋਗਤਾ ਨੂੰ ਨੌਕਰੀ ਲਈ ਢੁੱਕਵਾਂ ਨਹੀਂ ਮੰਨਦਾ। ਇਸ ਲਈ ਸੰਘਾ ਨੇ ਇੱਥੋਂ ਆ ਕੇ ਗ੍ਰੈਜੂਏਟ ਡਿਪਲੋਮਾ ਇਨ ਐਜੂਕੇਸ਼ਨ ਕੀਤਾ। ਇਸਦੇ ਅਧਾਰ ਤੇ ਸਿਡਨੀ ਦੇ ਦੋ ਕਾਲਜਾਂ ਵਿੱਚ ਆਰਜ਼ੀ ਤੌਰ ਤੇ ਅੰਗਰੇਜ਼ੀ ਤੇ ਇਤਿਹਾਸ ਪੜ੍ਹਾਏ। ਸਿਡਨੀ ਆਉਣ ਤੋਂ ਪਹਿਲਾਂ ਉਹ ਚੰਡੀਗੜ੍ਹ ਦੇ 'ਦਾ ਟ੍ਰਿਬਿਊਨ' ਵਿੱਚ 14 ਕੁ ਵਾਰੀ ਛਪ ਚੁੱਕੇ ਸਨ। ਅੰਗਰੇਜ਼ੀ ਦੀਆਂ ਕਹਾਣੀਆਂ ਤੇ ਲੇਖ ( Offical Tour, Never again Please, The Arranged Marriage, The Stag, Tenants Extraordinary, The Boys also speak sense, Portfolio in my college, A place called OTS, Hosiarpur- A Town of chos and chandharis, Another Contemporary Novelist in hiding) ਇਸ ਅਖ਼ਬਾਰ ਵਿੱਚ ਛਪੇ ਸਨ। ਫਿਰ ਇਹੀ ਸੱਤ ਕਹਾਣੀਆਂ ਤੇ ਹੋਰ 5 ਕਹਾਣੀਆਂ ਹੈਦਰਾਬਾਦ ਤੋਂ ਤੇਲਗੂ ਭਾਸ਼ਾ ਵਿੱਚ ਨਿਕਲਦੇ ਰਸਾਲੇ ਵਿਪੁਲਾ (Vipula) ਵਿੱਚ ਛਪ ਗਈਆਂ ਸਨ। 1988 ਵਿੱਚ ਡਾ. ਸੰਘਾ ਨੇ ਅਮਰੀਕਾ ਦੇ ਜੀਵਿਤ ਨਾਵਲਕਾਰ ਥਾਮਸ ਪਿੰਚਨ (Thomas Phyichan) 'ਤੇ ਪੀਐਚ.ਡੀ. ਕਰ ਲਈ। ਸਿਡਨੀ ਆ ਕੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ। ਉਹਨਾਂ ਦੀਆਂ ਪੁਸਤਕਾਂ ਹਨ– 'ਸਿਡਨੀ ਦੀਆਂ ਰੇਲਗੱਡੀਆਂ' (ਵਾਰਤਕ), 'ਦਿਲਹੁ ਮੁਹਬਿਤ ਜਿਨ' (ਨਾਵਲ), 'ਬਿਲੌਰੀ ਅੱਖਾਂ' (ਕਹਾਣੀ ਸੰਗ੍ਰਹਿ), 'ਘੋੜਾ ਡਾਕਟਰ' (ਕਹਾਣੀ ਸੰਗ੍ਰਹਿ), '.....ਤੇ ਪ੍ਰੀਖਿਆ ਚਲਦੀ ਰਹੀ' (ਨਾਵਲ), 'Storm in a Tea cup and other

stories' (ਅੰਗਰੇਜ਼ੀ ਕਹਾਣੀਆਂ), ਇਹਨਾਂ ਤੋਂ ਇਲਾਵਾ ਉਸਦੇ 40 ਕੁ ਲੇਖ, 24 ਕਹਾਣੀਆਂ, ਤੇ 15 ਕੁ ਸਵੈਜੀਵਨੀ ਨਾਲ ਸੰਬੰਧਿਤ ਲੇਖ, 10 ਕੁ ਅੰਗਰੇਜ਼ੀ ਦੀਆਂ ਕਹਾਣੀਆਂ ਉਹਨਾਂ ਦੇ ਆਪਣੇ ਮਾਸਿਕ ਅਖ਼ਬਾਰ ਵਿੱਚ ਛਪ ਚੁੱਕੇ ਹਨ। ਪੁਸਤਕਾਂ ਦਾ ਰੂਪ ਦੇਣਾ ਅਜੇ ਬਾਕੀ ਹੈ। ਇੱਕ ਅੰਗਰੇਜ਼ੀ ਦਾ ਵੱਡਾ ਲੇਖ ਲੁਧਿਆਣਾ ਦੇ ਸੇਵਾ ਮੁਕਤ ਪ੍ਰੋਫ਼ੈਸਰ ਐਸ. ਐਲ. ਸੂਦ ਦੁਆਰਾ ਸੰਪਾਦਿਤ ਪੁਸਤਕ 'Life after 65' ਵਿੱਚ 'Ageing cautiously and conscientiously' ਵਿੱਚ ਹੁਣੇ ਹੁਣੇ ਛਪਿਆ ਹੈ। ਉਹ ਸਿਡਨੀ ਤੋਂ 'ਦਾ ਪੰਜਾਬ ਹੈਰਲਡ' ਮਾਸਿਕ ਅਖ਼ਬਾਰ ਕੱਢਦੇ ਹਨ।

ਡਾ. ਦਵਿੰਦਰ ਸਿੰਘ ਜੀਤਲਾ ਪੀਐਚ. ਡੀ. ਜ਼ੂਔਲੋਜੀ ਹਨ। ਕੁਝ ਸਮਾਂ ਕੀਨੀਆ ਵਿੱਚ ਇਸ ਵਿਸ਼ੇ ਦੇ ਪ੍ਰੋਫ਼ੈਸਰ ਵੀ ਰਹੇ ਸਨ। ਫਿਰ ਸਿਡਨੀ ਆ ਕੇ ਰੇਲਵੇ ਦੀ ਨੌਕਰੀ ਕਰਦੇ ਆ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਉਹ ਪੰਜਾਬੀ ਕਵਿਤਾ, ਖਾਸ ਕਰਕੇ ਗ਼ਜ਼ਲ ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਨ। ਉਹਨਾਂ ਦੀਆਂ ਦੋ ਪੁਸਤਕਾਂ ਹਨ 'ਸੋਚਾਂ ਦਾ ਸਿਲਸਿਲਾ' ਤੇ 'ਆਲ੍ਹਣੇ ਦਾ ਤਿਣਕਾ'। ਇਨ੍ਹਾਂ ਦਾ ਇੱਕ ਲੇਖ ਡਾ. ਐਸ. ਐਲ. ਸੂਦ ਦੁਆਰਾ ਸੰਪਾਦਿਤ ਪੁਸਤਕ 'Life After 60' ਵਿੱਚ 'Agening Gracefully' ਦੇ ਸਿਰਲੇਖ ਹੇਠ ਛਪਿਆ ਹੈ।

ਡਾ. ਅਮਰਜੀਤ ਟਾਂਡਾ ਪਿਛਲੇ ਕਾਫੀ ਸਮੇਂ ਤੋਂ ਪੰਜਾਬੀ ਕਵਿਤਾ ਲਿਖਦੇ ਆ ਰਹੇ ਹਨ। ('ਲਿਖਤੁਮ ਨੀਲੀ ਬੰਸਰੀ', 'ਸ਼ਬਦਾਂਮਣੀ', 'ਕਵਿਤਾਂਜਲੀ', 'ਸੁਲਗਦੇ ਹਰਫ਼', 'ਦੀਵਾ ਸਫਿਆਂ ਦਾ', 'ਕੋਰੇ ਕਾਗਜ਼ ਤੇ ਨੀਲੇ ਦਸਤਖ਼ਤ' ਇਹਨਾਂ ਦੇ ਕਾਵਿ ਸੰਗ੍ਰਹਿ ਹਨ। ਇਹਨਾਂ ਨੇ 'ਨੀਲਾ ਸੁੱਕਾ ਸਮੁੰਦਰ' ਪੰਜਾਬੀ ਨਾਵਲ ਤੇ 'ਥੱਕੇ ਹੂਏ' ਹਿੰਦੀ ਨਾਵਲ ਵੀ ਲਿਖੇ ਹਨ।

ਮੋਹਨ ਸਿੰਘ ਵਿਰਕ ਨੇ ਪ੍ਰੌਢ ਅਵਸਥਾ ਵਿੱਚ ਲਿਖਣਾ ਸ਼ੁਰੂ ਕੀਤਾ। ਇਹ ਵਾਰਤਕ, ਗਲਪ ਤੇ ਸਫ਼ਰਨਾਮੇ ਲਿਖਦੇ ਹਨ। ਇਹਨਾਂ ਦੀ ਰਚਨਾ ਸੰਨ 47 ਦੇ ਉਜਾੜੇ ਚੋਂ ਪੈਦਾ ਹੋਈ ਸੀ। ਬਚਪਨ ਵਿੱਚ ਇਹ ਆਪ ਉੱਜੜ ਕੇ ਚੜ੍ਹਦੇ ਪੰਜਾਬ ਦੇ ਕਰਨਾਲ ਜਿਲ੍ਹੇ ਵਿੱਚ ਆ ਵੱਸੇ ਸਨ। ਇਹਨਾਂ ਨੇ 'ਯਾਦਾਂ ਦੀ ਮਹਿਕ' (ਕਹਾਣੀਆਂ), 'ਹਾਣੀ' (ਨਾਵਲ), 'ਗੁਰਨੂਰ' (ਨਾਵਲ) ਤੇ 'ਯਾਤਰਾ ਨਨਕਾਣਾ ਸਾਹਿਬ' ਲਿਖੇ ਹਨ।

ਗਿਆਨੀ ਮਿਹਰ ਸਿੰਘ ਧਾਰਮਿਕ ਲਿਖਾਰੀ ਹੈ ਇਹਨਾਂ ਨੇ 'ਪ੍ਰਭ ਮਿਲਨੇ ਕਾ ਚਾਉ' (ਵਾਰਤਕ), 'ਆਪ ਸਹਾਈ ਹੋਆ' (ਵਾਰਤਕ), 'ਤੇਰੀ ਉਪਮਾ ਤੋਹਿ ਬਣ ਆਈ' (ਵਾਰਤਕ), 'ਤੁਮਰੀ ਮਹਿਮਾ ਬਰਨਿ ਨ ਸਾਕਉ' (ਵਾਰਤਕ) ਦੀ ਰਚਨਾ ਕੀਤੀ ਹੈ।

ਹਰਦੀਪ ਭੰਗੂ ਵੀ ਸਿਡਨੀ ਵਿਖੇ ਰਹਿੰਦੇ ਹਨ। ਇਹਨਾਂ ਦੇ ਦੋ ਕਾਵਿ ਸੰਗ੍ਰਹਿ ਹਨ 1 ਪੀੜਾਂ ਦੇ ਪਰਛਾਵੇਂ ਤੇ ਦਰਦਾਂ ਦੇ ਦਰਿਆ।

## ਆਸਟਰੇਲੀਆ ਵਿੱਚ ਪੰਜਾਬੀ ਸਾਹਿਤ- ਡਾ. ਅਵਤਾਰ ਐਸ. ਸੰਘਾ

ਆਸਟਰੇਲੀਆ ਵਿਖੇ ਮਿੰਟੂ ਬਰਾੜ ਵੀ ਬਹੁਪੱਖੀ ਸਖ਼ਸ਼ੀਅਤ ਹਨ। ਉਹ ਸਮਾਜ ਸੇਵੀ, ਖ਼ਬਰਾਂ ਦੇ ਸਮੀਖਿਆਕਾਰ ਤੇ ਖੇਤੀ ਖੋਜੀ ਹਨ। ਉਹ ਦੱਖਣੀ ਆਸਟਰੇਲੀਆ ਦੇ ਸ਼ਹਿਰ ਐਡੀਲੇਡ ਨੇੜੇ ਆਪਣੇ ਫਾਰਮ ਵਿੱਚ ਰਹਿੰਦੇ ਹਨ। ਇਥੋਂ ਉਹਨਾਂ ਦੀ ਪੁਸਤਕ 'ਕੈਂਗਰੂਨਾਮਾ' ਦਾ ਹੀ ਜ਼ਿਕਰ ਕਰਾਂਗਾ ਕਿਉਂਕਿ ਇਹ ਇੱਕ ਨਿਬੰਧ ਸੰਗ੍ਰਹਿ ਹੈ। ਐਡੀਲੇਡ ਦੇ ਹੋਰ ਸਾਹਿਤਕਾਰਾਂ ਦੀ ਗੱਲ ਵੀ ਕਰ ਹੀ ਲਈਏ। ਇਹਨਾਂ ਵਿੱਚ ਸੁਰਿੰਦਰ ਸਿਦਕ 'ਰੂਹ ਦੀ ਗਾਨੀ, (ਗ਼ਜ਼ਲਾਂ) ਤੇ 'ਕੁੱਝ ਤਾਂ ਕਹਿ' (ਗ਼ਜ਼ਲਾਂ) ਕਰਕੇ ਜਾਣੇ ਜਾਂਦੇ ਹਨ। ਰਮਨਪ੍ਰੀਤ ਕੌਰ ਵੀ ਆਪਣੇ ਦੋ ਕਾਵਿ-ਸੰਗ੍ਰਹਿ 'ਰੁਸ਼ਨੂਰ' ਤੇ 'ਮੈ ਮੁਖਾਤਿਬ ਹਾਂ' ਕਰਕੇ ਮਸ਼ਹੂਰ ਹਨ। ਐਡੀਲੇਡ ਵੱਸਦੇ ਸ਼ੰਮੀ ਜਲੰਧਰੀ ਦੀਆਂ ਤਿੰਨ ਪੁਸਤਕਾਂ 'ਵਤਨੋਂ ਦੂਰ', 'ਗਮਾਂ ਦਾ ਸਫ਼ਰ' ਤੇ 'ਬਾਰਿਸ਼' ਪਾਠਕਾਂ ਦੇ ਰੂ ਬ ਰੂ ਹਨ।

ਹੁਣ ਗੱਲ ਕਰੀਏ ਬ੍ਰਿਸਬੇਨ ਦੀ। ਇਸ ਸ਼ਹਿਰ ਵਿੱਚ ਸਰਬਜੀਤ ਸੋਹੀ ਸਾਹਿਤ ਦੇ ਖੇਤਰ ਵਿੱਚ ਤੇਜ ਪੁਲਾਂਘਾਂ ਪੁੱਟਦਾ ਹੋਇਆ ਹਸਤਾਖ਼ਰ ਹੈ। ਇਸਨੇ ਕਵਿਤਾ, ਗੀਤ, ਗ਼ਜ਼ਲ ਅਤੇ ਅਨੁਵਾਦ ਆਦਿ ਸਾਹਿਤ ਦੇ ਕਈ ਰੂਪਾਂ 'ਤੇ ਕਲਮ ਅਜਮਾਈ ਹੈ। ਇਸਦੀਆਂ ਪੁਸਤਕਾਂ ਦੇ ਨਾਮ ਇਸ ਪ੍ਰਕਾਰ ਹਨ ਸੂਰਜ ਆਵੇਗਾ ਕੱਲ ਵੀ (ਕਵਿਤਾ), ਤਕਰਸ਼ ਵਿਚਲੇ ਹਰਫ਼ (ਕਵਿਤਾ), ਲਹੂ ਵਿੱਚ ਮੌਲਦੇ ਗੀਤ (ਕਵਿਤਾ), ਸ਼ਬਦਾਂ ਦੀ ਪਰਵਾਜ਼ (ਸੰਪਾਦਿਤ ਕਵਿਤਾ), ਪੰਜਾਂ ਪਾਣੀਆਂ ਦੇ ਗੀਤ (ਸੰਪਾਦਿਤ ਗੀਤ), ਜਗਦੇ ਹਰਫ਼ਾਂ ਦੀ ਡਾਰ (ਸੰਪਾਦਿਤ ਗ਼ਜ਼ਲਾਂ), ਜਗਦੇ ਹਰਫ਼ਾਂ ਦੀ ਲੋਅ (ਸ਼ਾਹਮੁੱਖੀ ਅਨੁਵਾਦ), ਵਿਸਰਜਨ ਸੇ ਪਹਿਲੇ (ਆਲੋਚਨਾ, ਡਾ. ਅਨੂਪ ਸਿੰਘ)।

ਮਨਜੀਤ ਬੋਪਾਰਾਏ ਆਪਣੇ ਗੀਤ ਔਜ਼ੀ, ਔਜ਼ੀ ਕਰਕੇ ਮਸ਼ਹੂਰ ਹੋਏ ਸਨ। ਉਹ ਵਿਗਿਆਨਕ ਸੋਚ ਤੇ ਦਲੀਲਾਤਮਕ ਵਿਚਾਰਧਾਰਾ (Rational Idealogy) ਦੇ ਮਾਲਕ ਹਨ। ਉਹਨਾਂ ਦੀ ਪੁਸਤਕ 'ਜੋਤਿਸ਼ ਝੂਠ ਬੋਲਦਾ ਹੈ' ਤਰਕਸ਼ੀਲ ਸੋਚ ਦਾ ਖ਼ੂਬਸੂਰਤ ਨਮੂਨਾ ਹੈ। ਉਹਨਾਂ ਨੇ ਇੱਕ ਕਾਵਿ ਸੰਗ੍ਰਹਿ 'ਮੁੱਠੀ ਭਰ ਸਵਾਹ' ਦੀ ਰਚਨਾ ਵੀ ਕੀਤੀ ਹੈ।

ਬ੍ਰਿਸਬੇਨ ਤੋਂ ਹੀ ਅਮਨ ਭੰਗੂ 'ਅੱਖਰਾਂ ਦੇ ਸਿਰਨਾਵੇਂ" (ਕਾਵਿ ਸੰਗ੍ਰਹਿ), ਰੁਪਿੰਦਰ ਸੋਜ਼ 'ਸੰਨਾਟਾ ਬੋਲਦਾ ਹੈ' (ਗ਼ਜ਼ਲਾਂ), ਹਰਕੀ ਵਿਰਕ 'ਤਿਤਲੀਆਂ ਦੇ ਬਸ਼ਿੰਦਿਓ' (ਕਵਿਤਾ) 'ਸੰਨਦ ਰਹੇ ਯਾਰੋ' (ਕਵਿਤਾ) ਤੇ ਜਸਵੰਤ ਵਾਗਲਾ 'ਹਾਦਸਿਆਂ ਦਾ ਜੰਗਲ' (ਗ਼ਜ਼ਲਾਂ) ਤੇ ਝਾਂਜਰ (ਗ਼ਜ਼ਲਾਂ) ਕਰਕੇ ਖ਼ਬਰਾਂ ਵਿੱਚ ਹਨ।

ਮੈਲਬਰਨ ਵੀ ਪੰਜਾਬੀ ਸਾਹਿਤ ਵਿੱਚ ਚੋਖਾ ਯੋਗਦਾਨ ਪਾ ਰਿਹਾ ਹੈ। ਉੱਥੇ ਦੇ ਬਿੱਕਰ ਬਾਈ, ਕੁਲਜੀਤ ਗ਼ਜ਼ਲ, ਵਿਜੇ ਕੁਮਾਰ, ਹਰਮੰਦਰ ਕੰਗ, ਬਲਵਿੰਦਰ ਚਾਹਲ, ਗਿੰਨੀ

## ਆਸਟਰੇਲੀਆ ਵਿੱਚ ਪੰਜਾਬੀ ਸਾਹਿਤ- ਡਾ. ਅਵਤਾਰ ਐਸ. ਸੰਘਾ

ਸਾਗੂ ਆਦਿ ਲੇਖਕਾਂ ਦੀਆਂ ਰਚਨਾਵਾਂ ਅਕਸਰ ਪੜਨ ਨੂੰ ਮਿਲਦੀਆਂ ਹੀ ਰਹਿੰਦੀਆਂ ਹਨ। ਬਿੱਕਰ ਬਾਈ ਦੀਆਂ ਪੁਸਤਕਾਂ 'ਬੋਲ ਪਏ ਅਲਫਾਜ਼' (ਕਵਿਤਾ) ਤੇ ਗੀਤ ਰਹਿਣਗੇ ਕੋਲ (ਗੀਤ), ਕੁਲਜੀਤ ਗ਼ਜ਼ਲ ਦੀਆਂ ਪੁਸਤਕਾਂ 'ਤ੍ਰੇਲ ਜਿਹੇ ਮੋਤੀ' (ਗ਼ਜ਼ਲਾਂ), 'ਰਾਗ ਮੁਹੱਬਤ (ਕਵਿਤਾਵਾਂ), 'ਇਹ ਪਰਿੰਦੇ ਸਿਆਸਤ ਨਹੀਂ ਜਾਣਦੇ' (ਗ਼ਜ਼ਲਾਂ) ਤੇ 'ਦਿਲ ਕਰੇ ਤਾਂ ਖੱਤ ਲਿਖੀਂ" ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ। ਹਰਮੰਦਰ ਕੰਗ ਦਾ ਨਿਬੰਧ ਸੰਗ੍ਰਹਿ 'ਵੱਖਰੀ ਮਿੱਟੀ ਵੱਖਰੇ ਰੰਗ' ਵੀ ਇੱਕ ਦਿਲਚਸਪ ਰਚਨਾ ਹੈ।

ਇਹਨਾਂ ਤੋਂ ਇਲਾਵਾ ਕੁੱਝ ਹੋਰ ਨਾਮ ਹਨ ਜਿਹਨਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਸਿਡਨੀ ਤੋਂ ਹਰਮੋਹਨ ਵਾਲੀਆ ਨੇ ਦੋ ਕਾਵਿ ਸੰਗ੍ਰਹਿ ਸੰਪਾਦਿਤ ਕਰਵਾਏ ਹਨ। ਇੱਕ ਦਾ ਨਾਮ ਹੈ 'ਲਚਕਦਾਰ ਪਾਣੀ'। ਕਪੂਰ ਕੌਰ ਜੱਗੀ ਨੇ ਅੱਖਰ ਅਧਿਐਨ ਤੇ ਕੰਮ ਕੀਤਾ ਹੈ। ਗੁਰਬਚਨ ਸਿੰਘ ਜਗਪਾਲ ਨੇ ਸਕੂਲੀ ਬੱਚਿਆਂ ਲਈ ਸਰਲ ਪੁਸਤਕਾਂ ਪ੍ਰਕਾਸ਼ਿਤ ਕਰਨ ਵਿੱਚ ਯੋਗਦਾਨ ਪਾਇਆ ਹੈ। ਅਮਨਦੀਪ ਵੂਲਗੂਲਗਾ ਨੇ 'ਮੁੰਦਾਵਣੀ' ਲਿਖ ਕੇ ਗੁਰਮਤਿ ਸਾਹਿਤ ਦੇ ਸੰਕਲਨ ਵਿੱਚ ਨਾਮਣਾ ਖੱਟਿਆ ਹੈ। ਐਡੀਲੇਡ ਦੀ ਡਾ. ਮਨਦੀਪ ਕੌਰ ਢੀਂਡਸਾ ਦਾ ਵੀ ਸਿਰਜਣਾ ਦੇ ਖੇਤਰ ਵਿੱਚ ਧਿਆਨ ਦੇਣ ਯੋਗ ਨਾਮ ਹੈ। ਉਸਨੇ ਕਵਿਤਾ, ਆਲੋਚਨਾ ਤੇ ਸੰਪਾਦਨਾ 'ਤੇ ਕਲਮ ਅਜਮਾਈ ਕੀਤੀ ਹੈ। ਉਸਦੀਆਂ ਰਚਨਾਵਾਂ ਹਨ 'ਸ਼ਬਦਾਂ ਦਾ ਵਣਜਾਰਾ-ਜਸਵੀਰ ਗੁਣਾਚੋਰੀਆ', 'ਕੋਈ ਨਾਮ ਨਾ ਜਾਣੇ ਮੇਰਾ' (ਆਲੋਚਨਾ), 'ਝਲਕ ਪੰਜਾਬੀ ਵਿਰਸੇ ਦੀ' (ਸੰਪਾਦਨਾ) ਤੇ ਅਹਿਸਾਸ (ਕਵਿਤਾਵਾਂ)।

ਇਸ ਪ੍ਰਕਾਰ ਹੁਣ ਆਸਟਰੇਲੀਆ ਨੂੰ ਅਣਗੌਲਿਆ ਮਹਾਂਦੀਪ ਨਹੀਂ ਕਿਹਾ ਜਾ ਸਕਦਾ। ਇਸ ਖੂਬਸੂਰਤ ਦੇਸ ਵਿੱਚ ਅੰਤਾਂ ਦੇ ਪੜ੍ਹੇ ਲਿਖੇ ਪੰਜਾਬੀ ਵੀ ਪਹੁੰਚ ਚੁੱਕੇ ਹਨ। ਉਹਨਾਂ ਵਿੱਚੋਂ ਬਹੁਤ ਸਾਰੇ ਨਵੇਂ ਨਵੇਂ ਦਿਸਹੱਦਿਆਂ ਦੀ ਖੋਜ ਕਰਨ ਵੱਲ ਹਮੇਸ਼ਾ ਕਰਮਸ਼ੀਲ ਰਹਿੰਦੇ ਹਨ।

**ਡਾ. ਅਵਤਾਰ ਐਸ. ਸੰਘਾ**
**ਸਿਡਨੀ, ਆਸਟਰੇਲੀਆ**
**+61437641033**

# ਪੰਜਾਬੀ ਫੋਰਮ ਸਿਡਨੀ

ਪੰਜਾਬੀ ਸਾਹਿਤ ਅਤੇ ਪੰਜਾਬੀ ਸਭਿਆਚਾਰ ਪ੍ਰੇਮੀ ਦੇਸ਼ਾਂ ਵਿਦੇਸ਼ਾਂ ਵਿੱਚ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੇ ਹੋਏ ਹਨ। ਇਸ ਉਦੇਸ਼ ਨੂੰ ਮੁੱਖ ਰੱਖਦਿਆਂ ਸਿਡਨੀ ਆਸਟਰੇਲੀਆ ਵਿੱਚ "ਪੰਜਾਬੀ ਸਾਹਿਤਿਕ ਫੋਰਮ ਸਿਡਨੀ" ਦੀ ਸਥਾਪਨਾ ਜੁਲਾਈ 2017 ਵਿੱਚ ਕੀਤੀ ਗਈ। ਸਿਡਨੀ ਨਿਵਾਸੀਆਂ ਨੇ ਇਸ ਵਿੱਚ ਬਹੁਤ ਹੀ ਭਰਵਾਂ ਹੁੰਗਾਰਾ ਦਿੱਤਾ ਜਿਨ੍ਹਾਂ ਦੇ ਸਹਿਯੋਗ ਨਾਲ ਬੀਤੇ ਚਾਰ ਸਾਲਾਂ ਵਿੱਚ ਕਈ ਪ੍ਰੋਗ੍ਰਾਮ ਉਲੀਕੇ ਗਏ ਤੇ ਕਾਮਯਾਬੀ ਸਹਿਤ ਕੀਤੇ ਗਏ। ਇਸ ਸਭਾ ਵਿੱਚ ਡਾ. ਦਵਿੰਦਰ ਸਿਘ ਜੀਤਲਾ ਸਰਵਿੰਗ ਮੈਂਬਰ, ਮਨਜਿੰਦਰ ਸਿੰਘ ਪ੍ਰਧਾਨ, ਸਾਹਿਬ ਸਿੰਘ ਪੰਨੂ ਜਨਰਲ ਸਕੱਤਰ, ਪ੍ਰੋਫੈਸਰ ਮਨਿੰਦਰ ਸਿੰਘ ਖਜ਼ਾਨਚੀ ਹਨ।

**ਉਦੇਸ਼**

- ਬਹੁਸਭਿਆਚਾਰਕ ਸਮਾਜ ਵਿੱਚ ਸਿੱਖ ਇਤਿਹਾਸ, ਸਭਿਆਚਾਰ ਅਤੇ ਵਿਰਾਸਤ ਦੀ ਸਮਝ ਲਈ ਇੱਕ ਮਾਹੌਲ ਪੈਦਾ ਕਰਨਾ ਅਤੇ ਵੱਖੋ ਵੱਖਰੀਆਂ ਸਾਹਿਤਕ ਸਭਾਵਾਂ ਨੂੰ ਇੱਕ ਦੂਜੇ ਨਾਲ ਸਹਿਯੋਗ ਕਰਨ ਲਈ ਇੱਕ ਮੰਚ ਤੇ ਲਿਆਉਣਾ।
- ਦੂਜੀਆਂ ਧਾਰਮਿਕ ਅਤੇ ਸਭਿਆਚਾਰਕ ਸਭਾਵਾਂ ਨਾਲ ਆਦਾਨ ਪ੍ਰਦਾਨ ਲਈ ਇੱਕ ਰਾਬਤਾ ਪੈਦਾ ਕਰਨਾ।
- ਨੌਜਵਾਨ ਪੀੜ੍ਹੀ ਨੂੰ ਦੋ ਸਭਿਆਚਾਰਾਂ ਦੇ ਸੰਦਰਭ ਵਿੱਚ ਆ ਰਹੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਚਰਚਾ ਕਰਨ ਲਈ ਮੰਚ ਦੀ ਸਿਰਜਣਾ ਕਰਨੀ।
- ਹਰ ਉਮਰ ਦੇ ਲੇਖਕਾਂ ਨੂੰ ਸਾਹਿਤਕ ਰਚਨਾਵਾਂ ਕਰਨ ਲਈ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਲਈ ਸਮਾਜਿਕ ਮੁੱਦਿਆਂ ਤੇ ਗੱਲਬਾਤ ਕਰਨ ਲਈ ਸੈਮੀਨਾਰ ਆਯੋਜਿਤ ਕਰਨੇ ਅਤੇ ਆਸਟਰੇਲੀਅਨ ਸਮਾਜ ਦੇ ਸੰਦਰਭ ਵਿੱਚ ਸਿੱਖ ਧਾਰਮਿਕ ਅਤੇ ਸਭਿਆਚਾਰਕ ਫਲਸਫੇ ਨੂੰ ਸਮਝਣ ਲਈ ਇੱਕ ਦੂਜੇ ਦੇ ਸਹਾਇਕ ਹੋਣਾ।

**ਸਭਾ ਦੀਆਂ ਸਰਗਰਮੀਆਂ: ਸਾਲ 2017**

ਪੰਜਾਬੀ ਫੋਰਮ ਸਿਡਨੀ ਵਲੋਂ ਪਹਿਲਾ ਪ੍ਰੋਗਰਾਮ ਜੁਲਾਈ 2017 ਵਿੱਚ ਗੁਰੂ ਨਾਨਕ ਪੰਜਾਬੀ ਸਕੂਲ ਗਲੈਨਵੁਡ ਗੁਰਦਵਾਰਾ ਸਾਹਿਬ ਵਿੱਚ ਕਰਾਇਆ ਗਿਆ। ਇਸ

ਵਿੱਚ ਸਿਡਨੀ ਦੇ ਸਾਹਿਤਕਾਰਾਂ ਤੋਂ ਇਲਾਵਾ ਭਾਈਚਾਰਕ ਤੇ ਸਾਮਾਜਿਕ ਸੰਸਥਾਵਾਂ ਦੇ ਆਗੂ ਅਤੇ ਸਾਹਿਤ ਪ੍ਰੇਮੀ ਬਹੁਤ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

26 ਨਵੰਬਰ 2017 ਦਿਨ ਐਤਵਾਰ ਨੂੰ ਗੁਰਦਵਾਰਾ ਸਾਹਿਬ ਵਿੱਚ ਇੱਕ ਸੈਮੀਨਾਰ ਕਰਵਾਇਆ ਗਿਆ।ਇਸ ਵਿੱਚ ਸਿੱਖ ਇਤਿਹਾਸ ਅਤੇ ਮੌਜੂਦਾ ਹਾਲਾਤ ਨਾਲ ਸੰਬੰਧਿਤ ਵਿਸ਼ਿਆਂ ’ਤੇ ਚਰਚਾ ਹੋਈ। ਖਾਲਸਾ ਸਾਜਨਾ ਦਿਵਸ (1699) ਤੋਂ ਖਾਲਸਾ ਰਾਜ ਦੀ ਸਥਾਪਨਾ (1799) ਦੇ ਸਮੇਂ ਦੇ ਦੌਰਾਨ ਹੋਈਆਂ ਘਟਨਾਵਾਂ ਉੱਤੇ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੀ ਵਿਸ਼ੇਸ਼ ਗੱਲ ਇਹ ਸੀ ਕਿ ਬੁਲਾਰਿਆਂ ਵਿੱਚ ਛੋਟੀ ਉਮਰ ਦੇ ਬੱਚੇ ਵੀ ਸਨ ਜੋ ਕਿ ਬਹੁਤ ਹੀ ਵਧੀਆ ਤਰੀਕੇ ਨਾਲ ਭਾਸ਼ਣ ਦੇਣ ਕਰਕੇ ਪ੍ਰਸ਼ੰਸਾ ਦੇ ਪਾਤਰ ਬਣੇ। ਮੌਜੂਦਾ ਹਾਲਾਤ ਨਾਲ ਸੰਬੰਧਿਤ ਦੋ ਵਿਸ਼ੇ ਸਨ। “ਸੋਸ਼ਲ ਮੀਡੀਆ ਦੀ ਜ਼ਰੂਰਤ ਅਤੇ ਰੋਜ਼ਾਨਾ ਜ਼ਿੰਦਗੀ ’ਤੇ ਇਸ ਦਾ ਅਸਰ” ਅਤੇ “ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀਆਂ ਪ੍ਰਾਪਤੀਆਂ”




ਗਿਆਨੀ ਮੇਹਰ ਸਿੰਘ ਦੀ ਪੁਸਤਕ ‘ਤੁਮਰੀ ਮਹਿਮਾ ਬਰਨਿ ਨ ਸਾਕਉ’ ਤੇ ਡਾ. ਦਵਿੰਦਰ ਜੀਤਲਾ ਦਾ ਕਾਵਿ ਸੰਗ੍ਰਹਿ ‘ਸੋਚਾਂ ਦਾ ਸਿਲਸਿਲਾ’ ਲੋਕ ਅਰਪਣ

**ਸਾਲ 2018**

ਆਸਟਰੇਲੀਅਨ ਸਿੱਖ ਖੇਡਾਂ ਦੌਰਾਨ ਸਭਾ ਵੱਲੋਂ ਸਿੱਖ ਇਤਿਹਾਸ ਅਤੇ ਸਭਿਆਚਾਰ ਨਾਲ ਸੰਬੰਧਿਤ ਕਈ ਵਿਸ਼ਿਆਂ ਤੇ ਬੋਲਣ ਲਈ ਬੁਲਾਰਿਆਂ ਨੂੰ ਸੱਦਾ ਦਿੱਤਾ ਗਿਆ।ਇਸ ਵਿੱਚ ਪੰਜਾਬੀ ਸਾਹਿਤਕ ਫੋਰਮ ਸਿਡਨੀ ਦੀ ਟੀਮ ਡਾ. ਦਵਿੰਦਰ ਸਿੰਘ ਜੀਤਲਾ ਨੇ ‘ਡੇਰਾਵਾਦ’, ਮਨਜਿੰਦਰ ਸਿੰਘ ਨੇ ‘ਮਹਾਰਾਜਾ ਦਲੀਪ ਸਿੰਘ’ ਗੁਰਚਰਨ ਸਿੰਘ ਕਾਹਲੋਂ ਨੇ ‘ਸਿੱਖ ਰਾਜ’ ਅਤੇ ਪ੍ਰੋ. ਮਨਿੰਦਰ ਸਿੰਘ ਨੇ ‘ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ’ ਵਿਸ਼ਿਆਂ ’ਤੇ ਭਾਸ਼ਣ ਦਿੱਤੇ। ਸਾਹਿਬ ਸਿੰਘ ਪੰਨੂ ਨੇ ਸਟੇਜ

ਸੰਚਾਲਕ ਦੀ ਭੂਮਿਕਾ ਨਿਭਾਈ। ਪੰਜਾਬੀ ਫੋਰਮ ਵਲੋਂ ਸਿੱਖ ਖੇਡਾਂ ਨੂੰ ਸਪੋਂਸਰਸ਼ਿਪ ਵੀ ਦਿੱਤੀ ਗਈ।

**ਜੁਲਾਈ 2018**

ਪੰਜਾਬੀ ਫੋਰਮ ਸਿਡਨੀ ਵਲੋਂ ਪੰਜਾਬੀ ਟ੍ਰਿਬਿਊਨ ਦੇ ਚੀਫ ਸਬ ਐਡੀਟਰ ਦਵੀ ਦਵਿੰਦਰ ਕੌਰ ਜੋ ਕਿ ਆਸਟਰੇਲੀਆ ਦੇ ਦੌਰੇ ਤੇ ਆਏ ਸਨ, ਨੂੰ ਸਾਹਿਤਕ ਪ੍ਰੇਮੀਆਂ ਨਾਲ ਰੂਬਰੂ ਕਰਾਉਣ ਲਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਫੋਰਮ ਦੇ ਕਨਵੀਨਰ ਮਨਜਿੰਦਰ ਸਿੰਘ ਨੇ ਫੋਰਮ ਬਾਰੇ ਜਾਣਕਾਰੀ ਦਿੰਦਿਆਂ ਸਭ ਨੂੰ ਖਾਸ ਕਰਕੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ। ਤਜਿੰਦਰ ਸਿੰਘ ਸਹਿਗਲ, ਗੁਰਚਰਨ ਸਿੰਘ ਕਾਹਲੋਂ ਅਤੇ ਡਾ. ਕਪੂਰ ਕੌਰ ਜੱਗੀ ਨੇ ਦਵੀ ਦਵਿੰਦਰ ਕੌਰ ਦੀ ਨਿੱਜੀ ਜ਼ਿੰਦਗੀ ਅਤੇ ਉਸ ਨੂੰ ਆਪਣੇ ਕਿੱਤੇ ਵਿੱਚ ਆਈਆਂ ਮੁਸ਼ਕਲਾਂ ਬਾਰੇ ਸਰੋਤਿਆਂ ਨੂੰ ਜਾਣੂ ਕਰਾਇਆ ਅਤੇ ਇਨ੍ਹਾਂ ਨੂੰ ਨਜਿਠਣ ਲਈ ਉਸ ਦੇ ਦ੍ਰਿੜ ਇਰਾਦੇ ਅਤੇ ਸ਼ਕਤੀ ਬਾਰੇ ਵੀ ਦੱਸਿਆ। ਦਵੀ ਦਵਿੰਦਰ ਕੌਰ ਨੇ ਪੱਤਰਕਾਰੀ ਦੇ ਕਿੱਤੇ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੱਚ ਕਹਿਣ ਅਤੇ ਸੱਚ ਲਿਖਣ ਲਈ ਬੁਲੰਦ ਹੌਸਲੇ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਉਸ ਦਾ ਖਾਸ ਗੁਣ ਹੈ।

ਪੰਜਾਬੀ ਫੋਰਮ ਸਿਡਨੀ ਵਲੋਂ 26 ਅਗਸਤ 2018 ਨੂੰ ਇੱਕ ਸੈਮੀਨਾਰ ਅਤੇ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਦੀ ਸ਼ੁਰੂਆਤ ਫੋਰਮ ਦੇ ਪ੍ਰਧਾਨ ਮਨਜਿੰਦਰ ਸਿੰਘ ਦੁਆਰਾ ਕੀਤੀ ਗਈ ਜਿਨ੍ਹਾਂ ਨੇ ਇਸ ਸਭਾ ਦੇ ਉਦੇਸ਼ ਦੱਸਦਿਆ ਹੋਇਆਂ ਸਭ ਨੂੰ ਜੀ ਆਇਆਂ ਆਖਿਆ। ਪ੍ਰੋਫੈਸਰ ਮਨਿੰਦਰ ਸਿੰਘ ਅਤੇ ਗੁਰਬਚਨ ਸਿੰਘ ਜਗਪਾਲ ਨੇ ਪੰਜਾਬੀ ਭਾਸ਼ਾ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਬਾਰੇ ਪਰਚੇ ਪੜ੍ਹੇ ਅਤੇ ਨਾਲ ਹੀ ਇਨ੍ਹਾਂ ਦੇ ਹੱਲ ਦੇ ਸੁਝਾਅ ਵੀ ਦਿੱਤੇ। ਬਲਵਿੰਦਰ ਪਾਲ ਸਿੰਘ ਗਿੱਲ ਦੀ ਪੁਸਤਕ "ਆਰਜ਼ੂ ਦੀ ਪੁਕਾਰ" ਲੋਕ ਅਰਪਣ ਕਰਨ ਤੋਂ ਪਹਿਲਾਂ ਡਾ ਗੁਰਚਰਨ ਸਿੰਘ ਸਿੱਧੂ ਨੇ ਪ੍ਰੋਫੈਸਰ ਕਿਰਪਾਲ ਸਿੰਘ 'ਬੇਦਾਰ' ਜੋ ਕਿ ਬਲਵਿੰਦਰ ਪਾਲ ਸਿੰਘ ਦੇ ਪਿਤਾ ਜੀ ਸਨ ਅਤੇ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ 1965 ਵਿੱਚ ਸ਼ਾਇਰ-ਏ-ਆਜ਼ਮ ਦੇ ਖਿਤਾਬ ਨਾਲ ਨਿਵਾਜਿਆ ਸੀ, ਦੀ ਇੱਕ ਗਜ਼ਲ 'ਸਾਕੀ' ਪੜ੍ਹ ਕੇ ਸੁਣਾਈ। ਇਸ ਤੋਂ ਬਾਅਦ ਬਲਵਿੰਦਰ ਪਾਲ ਸਿੰਘ ਗਿੱਲ ਦੀ ਪੁਸਤਕ "ਆਰਜ਼ੂ ਦੀ ਪੁਕਾਰ" ਲੋਕ ਅਰਪਣ ਕੀਤੀ ਗਈ।

**ਸਾਲ 2019**

ਸਿਡਨੀ ਵਿੱਚ ਕੌਂਸਲੇਟ ਜਨਰਲ ਆਫ ਇੰਡੀਆ ਦੇ ਕਾਨਫ਼ਰੰਸ ਹਾਲ ਵਿੱਚ 22 ਫਰਵਰੀ 2019 ਨੂੰ ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਅਤੇ ਸਿਖਿਆਵਾਂ ਬਾਰੇ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਸ਼ੇ ਉਤੇ ਪੰਜਾਬੀ ਫੋਰਮ ਆਫ ਸਿਡਨੀ ਦੇ

ਪ੍ਰਧਾਨ ਮਨਜਿੰਦਰ ਸਿੰਘ ਨੇ ਭਾਸ਼ਨ ਦਿੱਤਾ। ਇਸ ਵਿੱਚ ਮਨਜਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੁਆਰਾ ਉਚਾਰੀ ਹੋਈ ਬਾਣੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਨ੍ਹਾਂ ਦੁਆਰਾ ਕੀਤੀਆਂ ਉਦਾਸੀਆਂ ਅਤੇ ਉਦਾਸੀਆਂ ਦੌਰਾਨ ਕੀਤੀਆਂ ਗੋਸ਼ਟੀਆਂ ਦਾ ਵਰਣਨ ਕੀਤਾ।

21 ਜੁਲਾਈ 2019 ਨੂੰ ਜਗਤ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਵਿਚਾਰ ਅਧੀਨ ਦੋ



ਕਹਾਣੀਕਾਰ ਐਸ. ਸਾਕੀ ਦਾ ਕਹਾਣੀ ਸੰਗ੍ਰਹਿ ਰਿਲੀਜ਼ ਕਰਦੇ ਹੋਏ ਪਤਵੰਤੇ ਸੱਜਣ

ਵਿਸ਼ੇ ਸਨ: ਜਗਤ ਗੁਰੂ ਅਤੇ ਮਾਨਵਤਾ ਲਈ ਸੰਦੇਸ਼ ਅਤੇ ਗੁਰਬਾਣੀ-ਭਾਸ਼ਾਵਾਂ, ਲਿਪੀ ਅਤੇ ਪੰਜਾਬੀ ਦਾ ਸਫ਼ਰ। ਇਸ ਵਿੱਚ ਸਿੱਖ ਵਿਦਵਾਨਾਂ ਦੇ ਨਾਲ ਨਾਲ ਹਿੰਦੂ, ਸਿੰਧੀ, ਅਹਿਮਦੀਆ ਮੁਸਲਿਮ ਭਾਈਚਾਰੇ ਦੇ ਬੁਲਾਰਿਆਂ ਨੇ ਹਿੱਸਾ ਲਿਆ। ਇਸ ਵਿੱਚ ਖਾਸ ਮਹਿਮਾਨ ਆਸਟਰੇਲੀਆ ਵਿੱਚ ਭਾਰਤੀ ਰਾਜਦੂਤ ਡਾ. ਏ. ਐਮ ਗੋਂਡੈਨ ਨੇ ਵੀ ਭਾਗ ਲਿਆ।

ਡਾ ਗੋਂਡੇਨ ਨੇ ਇੱਕ ਵਿਦਵਾਨ ਦੀ ਹੈਸੀਅਤ ਵਿੱਚ ਹਾਜ਼ਰੀ ਭਰਦਿਆਂ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਸਾਂਝੇ ਕਰਦਿਆਂ ਕਿਹਾ ਕਿ ਜਾਤ-ਪਾਤ ਅਤੇ ਵਹਿਮਾਂ-ਭਰਮਾਂ ਵਿੱਚ ਫਸੇ ਸਮਾਜ ਲਈ ਗੁਰੂ ਨਾਨਕ ਸਾਹਿਬ ਇੱਕ ਇਨਕਲਾਬੀ ਸੋਚ ਦਾ ਨਾਮ ਹੈ ਅਤੇ ਇਸ ਸੋਚ ਨੂੰ ਸਮਝ ਕੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਢਾਲ ਕੇ ਆਪਣੇ ਵਿਵਹਾਰ ਨਾਲ ਸਮੁੱਚੀ ਦੁਨੀਆ ਅੱਗੇ ਮਿਸਾਲ ਰੱਖਣੀ ਬਹੁਤ ਜ਼ਰੂਰੀ ਹੈ।

# ਪੰਜਾਬੀ ਸੰਗੀਤ ਸੈਂਟਰ ਸਿਡਨੀ

ਆਸਟਰੇਲੀਆ ਵਿੱਚ ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਕਰਨ ਵਾਲੀ ਇਹ ਪਹਿਲੀ ਰਜਿਸਟਰਡ ਸੰਸਥਾ ਹੈ। ਇਸ ਸੰਸਥਾ ਦੀ ਸਥਾਪਨਾ 1991 ਵਿੱਚ ਦਵਿੰਦਰ ਸਿੰਘ ਧਾਰੀਆ ਵੱਲੋਂ ਕੀਤੀ ਗਈ ਸੀ। ਇਸ ਸੰਸਥਾ ਦਾ ਮੁੱਖ ਉਦੇਸ਼ ਵਿਦੇਸ਼ਾਂ ਵਿੱਚ ਵੱਸਦੀ ਨਵੀਂ ਪੀੜ੍ਹੀ ਨੂੰ ਆਪਣੇ ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨਾ ਹੈ ਅਤੇ ਇਹ ਸੰਸਥਾ ਪਿਛਲੇ ਇਕੱਤੀ ਸਾਲ ਤੋਂ ਆਪਣਾ ਕਾਰਜ ਬਾਖ਼ੂਬੀ ਨਿਭਾ ਰਹੀ ਹੈ। ਆਸਟਰੇਲੀਆ ਦੇ ਆਈਕੋਨ ਮੰਨੇ ਜਾਂਦੇ ਓਪੇਰਾ ਹਾਊਸ ਅਤੇ ਕਨਵੈਨਸ਼ਨ ਸੈਂਟਰ ਵਿੱਚ ਇਹ ਕਈ ਪ੍ਰੋਗਰਾਮ ਆਯੋਜਿਤ ਕਰ ਚੁੱਕੀ ਹਨ। ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੇ ਉਦੇਸ਼ ਨਾਲ ਪੰਜਾਬੀ ਸੰਗੀਤ ਸੈਂਟਰ ਵਿੱਚ ਹੀ ਹੋਰ ਕਈ ਵਿੰਗ ਵੀ ਬਣਾਏ ਹਨ।

**ਸਰਗਰਮੀਆਂ :**

ਪਿਛਲੇ ਇਕੱਤੀ ਸਾਲ ਵਿੱਚ ਹਰ ਇੱਕ ਖਿੱਤੇ ਅਤੇ ਹਰ ਇੱਕ ਭਾਈਚਾਰੇ ਵਿੱਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪਹੁੰਚਾਉਣ ਵਿੱਚ ਪੰਜਾਬੀ ਸੰਗੀਤ ਸੈਂਟਰ ਨੇ ਵਿਸ਼ੇਸ਼ ਰੋਲ ਅਦਾ ਕੀਤਾ ਹੈ। ਸੰਸਥਾ ਵੱਲੋਂ ਕਰਵਾਏ ਕਵੀ ਦਰਬਾਰ ਵਿੱਚ ਆਸਟਰੇਲੀਆ ਭਰ ਤੋਂ ਕਵੀ ਇਕੱਠੇ ਹੁੰਦੇ ਹਨ ਅਤੇ ਭਾਸ਼ਾ ਦੀ ਤਰਜਮਾਨੀ ਕਰਦੇ ਹਨ। ਢੁੱਕਵੀਆਂ ਕਿਤਾਬਾਂ ਦੀ ਚੋਣ ਕਰਕੇ, ਸਮੇਂ ਸਮੇਂ ਤੇ ਪ੍ਰਦਰਸ਼ਨੀ ਲਗਾਈ ਜਾਂਦੀ ਹੈ ਤਾਂ ਜੋ ਪੰਜਾਬੀ ਸਾਹਿਤ ਵਿੱਚ ਰੁਚੀ ਨੂੰ ਕਾਇਮ ਰੱਖਿਆ ਜਾ ਸਕੇ। ਪਿਛਲੇ ਤੀਹ ਸਾਲ ਤੋਂ ਪੰਜਾਬੀ ਸੰਗੀਤ ਸੈਂਟਰ ਵੱਲੋਂ ਭੰਗੜਾ ਅਤੇ ਗਿੱਧਾ ਅਕੈਡਮੀ ਚਲਾਈ ਜਾ ਰਹੀ ਹੈ। ਇਸ ਵਿੱਚ ਸੈਂਕੜੇ ਬੱਚੇ ਪੰਜਾਬੀ ਲੋਕ ਨਾਚ ਸਿੱਖ ਕੇ ਅਗਾਂਹ ਹੋਰਾਂ ਬੱਚਿਆਂ ਨੂੰ ਸਿਖਾ ਰਹੇ ਹਨ ਅਤੇ ਅਮੀਰ ਸੱਭਿਆਚਾਰ ਨੂੰ ਫੈਲਾ ਰਹੇ ਹਨ। ਸੰਸਥਾ ਵੱਲੋਂ ਹਰ ਸਾਲ ਪੰਜਾਬੀ ਫੋਕ ਨਾਈਟ, ਯਮਲਾ ਜੱਟ ਨਾਈਟ, ਸੁਰਿੰਦਰ ਕੌਰ ਨਾਈਟ ਦੇ ਨਾਲ ਨਾਲ 1994 ਤੋਂ ਸਿਡਨੀ ਵਿੱਚ ਵਿਸਾਖੀ ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੇਲੇ ਵਿੱਚ ਹਰ ਸਾਲ ਹਜ਼ਾਰਾਂ ਦਾ ਇਕੱਠ ਹੁੰਦਾ ਹੈ ਅਤੇ ਇਹ ਸਿਡਨੀ ਦਾ ਸਭ ਤੋਂ ਵੱਡਾ ਵਿਸਾਖੀ ਮੇਲਾ ਹੈ ਜਿਸ ਵਿੱਚ ਹਰ ਵਰਗ ਅਤੇ ਭਾਈਚਾਰੇ ਦੇ ਲੋਕ

ਇਕੱਠੇ ਹੁੰਦੇ ਹਨ। ਕਵੀ ਦਰਬਾਰ ਅਤੇ ਸਾਹਿਤ ਸਭਾਵਾਂ ਵਿੱਚ ਕਈ ਨਵੇਂ ਬੱਚਿਆਂ ਨੂੰ ਆਪਣੀ ਪ੍ਰਤਿਭਾ ਨੂੰ ਪੇਸ਼ ਕਰਨ ਦਾ ਮੌਕਾ ਮਿਲਦਾ ਹੈ। ਸੰਸਥਾ ਵੱਲੋਂ ਪੰਜਾਬੀ ਫੋਕ ਸਾਜ ਅਤੇ ਪੰਜਾਬੀ ਫੋਕ ਗਾਇਕੀ ਦੀਆਂ ਨਿਰੰਤਰ ਕਲਾਸਾਂ ਚੱਲਦੀਆਂ ਹਨ।

ਸਾਲ 2000 ਵਿੱਚ ਓਲੰਪਿਕ ਖੇਡਾਂ ਸਮੇਂ ਪੰਜਾਬੀ ਸੰਗੀਤ ਸੈਂਟਰ ਵੱਲੋਂ ਸੱਭਿਆਚਾਰਕ ਪੱਖ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ। ਓਲੰਪਿਕ ਪਾਰਕ ਵਿਖੇ ਖੇਡਾਂ ਦੇ ਸ਼ੁਰੂਆਤ ਵਿੱਚ ਅਤੇ ਖੇਡਾਂ ਦੇ ਖ਼ਤਮ ਹੋਣ ਸਮੇਂ ਪੰਜਾਬੀ ਲੋਕ ਨਾਚ ਭੰਗੜੇ ਦਾ ਆਨੰਦ ਸਾਰੀ ਦੁਨੀਆ ਨੇ ਟੈਲੀਵਿਜ਼ਨ ਉੱਤੇ ਮਾਣਿਆ। ਹੋਰਨਾਂ ਭਾਈਚਾਰਿਆਂ ਵਿੱਚ ਦਸਤਾਰ ਦੀ ਅਹਿਮੀਅਤ ਦੱਸਣ ਵਿੱਚ ਵੀ ਇਹ ਬਹੁਤ ਕਾਰਜਸ਼ੀਲ ਸਿੱਧ ਹੋਇਆ।

**ਅਹੁਦੇਦਾਰ:** ਦਵਿੰਦਰ ਸਿੰਘ ਧਾਰੀਆ ਡਾਇਰੈਕਟਰ, ਹਰਕੀਰਤ ਸਿੰਘ ਸੰਧਰ ਪ੍ਰਧਾਨ, ਅਵਤਾਰ ਸਿੰਘ ਸੰਘਾ ਮੈਂਬਰ, ਸੁਖਵਿੰਦਰ ਕੌਰ ਮੀਤ ਪ੍ਰਧਾਨ, ਪੈਵ ਧਾਰੀਆ ਡਾਇਰੈਕਟਰ, ਕਿਰਪਾਲ ਪੂਨੀ ਮੈਂਬਰ, ਸੁਖਮਨਦੀਪ ਕੌਰ ਮੀਤ ਪ੍ਰਧਾਨ, ਹਰਜੀਤ ਸਿੰਘ ਮੈਂਬਰ, ਮਹਿੰਗਾ ਸਿੰਘ ਖੱਖ ਮੈਂਬਰ, ਮਹਿੰਦਰ ਸਿੰਘ ਬਿੱਟਾ ਮੈਂਬਰ

**ਸਭਾ ਨਾਲ ਜੁੜੇ ਹੋਏ ਲੇਖਕ :** ਆਸਟਰੇਲੀਆ ਦੀ ਸਭ ਤੋਂ ਪੁਰਾਣੀ ਸਭਾ ਹੋਣ ਕਰ ਕੇ ਇਸ ਨਾਲ ਕਾਫੀ ਲੇਖਕ ਜੁੜੇ ਹੋਏ ਹਨ। ਮੁੱਖ ਤੌਰ ਤੇ ਲੇਖਕ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਕਾਰਜਸ਼ੀਲ ਹਨ।






# ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ

ਆਸਟਰੇਲੀਅਨ ਪੰਜਾਬੀ ਲੇਖਕ ਸਭਾ ਦਾ ਵਿਸ਼ਵਾਸ ਹੈ ਕਿ ਆਪਣੀ ਮਾਂ ਬੋਲੀ ਨੂੰ ਭੁੱਲਣਾ, ਆਪਣੀ ਮਾਂ ਨੂੰ ਭੁੱਲ ਜਾਣ ਦੇ ਬਰਾਬਰ ਹੁੰਦਾ ਹੈ। ਅਸੀਂ ਆਪਣੇ ਪਿੰਡ, ਘਰ ਤੇ ਰਿਸ਼ਤੇਦਾਰੀਆਂ ਨੂੰ ਆਪਣੇ ਨਾਲ ਸਦਾ ਚੁੱਕੀ ਰੱਖਦੇ ਹਾਂ, ਉਹ ਸਾਡੇ ਧਰਾਤਲ, ਹਿੱਸੇ ਨਾਲ ਸਾਡਾ ਮੋਹ ਤੇ ਉਸ ਪ੍ਰਤੀ ਹੇਰਵਾ ਹੀ ਹੁੰਦਾ ਹੈ। ਇਸ ਦੇ ਨਾਲ ਸਾਡੀਆਂ ਪੁਸ਼ਾਕਾਂ, ਸਾਡੀਆਂ ਖੇਡਾਂ ਤੇ ਸਾਡੇ ਇਸ਼ਟਾਂ ਨੂੰ ਵੀ ਆਪਣੇ ਨਾਲ ਜੋੜੀ ਰੱਖਦੇ ਹਾਂ। ਸਾਡੀਆਂ ਰੁਚੀਆਂ ਅਤੇ ਸਾਡੇ ਸ਼ੌਂਕ ਸਾਡੀ ਰੂਹ ਦੀ ਖੁਰਾਕ ਵਜੋਂ ਕੰਮ ਕਰਦੇ ਹਨ ਤੇ ਅਸੀਂ ਇਸ ਭੁੱਖ ਨੂੰ ਪੂਰਾ ਕਰਨ ਲਈ ਨਿੱਕੀਆਂ ਨਿੱਕੀਆਂ ਸੰਸਥਾਵਾਂ ਦਾ ਗਠਨ ਕਰ ਲੈਂਦੇ ਹਾਂ ਜਿੱਥੇ ਪੰਜਾਬ ਦੇ ਰੰਗ ਬਿਖੇਰੇ ਜਾਣ, ਜਿੱਥੇ ਸਾਡੀ ਨਵੀਂ ਪੀੜ੍ਹੀ ਜਿਹੜੀ ਵਿਦੇਸ਼ੀ ਧਰਤੀ ਉੱਤੇ ਆ ਕੇ ਜਨਮੀ ਹੈ, ਨੂੰ ਆਪਣੇ ਕੌਮ ਦੇ ਸਭਿਆਚਾਰ ਆਪਣੀ ਬੋਲੀ ਤੇ ਪਿਛਲੇ ਰਹਿਣ ਸਹਿਣ ਬਾਰੇ ਦੱਸ ਸਕੀਏ। 'ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ' ਦਾ ਜਨਮ ਇਸੇ ਧਾਰਾ ਵਿੱਚ ਹੋਇਆ ਹੈ। 'ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ' ਕੁਈਨਜ਼ਲੈਂਡ ਦੀ ਇੱਕੋ ਇੱਕ ਆਪਣੇ ਆਪ ਵਿੱਚ ਆਜ਼ਾਦ ਤੌਰ ਉੱਤੇ ਰਜਿਸਟਰਡ ਸਾਹਿਤਕ ਸੰਸਥਾ ਹੈ। ਇਸ ਦੀ ਪਹਿਲੀ ਕਾਰਜਕਾਰਨੀ ਕਮੇਟੀ ਮਿਤੀ 21-08-2020 ਨੂੰ ਸਥਾਪਿਤ ਕੀਤੀ ਗਈ। ਅੱਜ ਜਿਸ ਦੇ ਪ੍ਰਧਾਨ ਵਜੋਂ ਵਰਿੰਦਰ ਅਲੀਸ਼ੇਰ ਸੇਵਾਵਾਂ ਨਿਭਾ ਰਹੇ ਹਨ। ਇਸ ਸਭਾ ਦੇ 34 ਮੈਂਬਰ ਹਨ ਅਤੇ ਉਹਨਾਂ ਮੈਂਬਰਾਂ ਵਿੱਚੋਂ ਕਾਰਜਕਾਰਨੀ ਕਮੇਟੀ ਦੇ ਅਹੁਦੇਦਾਰਾਂ ਵਿੱਚ, ਵਰਿੰਦਰ ਅਲੀਸ਼ੇਰ ਪ੍ਰਧਾਨ, ਜਗਜੀਤ ਸਿੰਘ ਖੋਸਾ ਮੀਤ ਪ੍ਰਧਾਨ, ਪਰਮਿੰਦਰ ਸਿੰਘ ਜਨਰਲ ਸਕੱਤਰ, ਹਰਮਨਦੀਪ ਗਿੱਲ ਖਜ਼ਾਨਚੀ, ਜਸਵੰਤ ਵਾਗਲਾ ਮੁੱਖ ਸਲਾਹਕਾਰ, ਸਪੋਕਸਮੈਨ ਮਨ ਖਹਿਰਾ ਹਨ।

ਪੰਜਾਬੀ ਲੇਖਕ ਸਭਾ ਬ੍ਰਿਸਬੇਨ ਵੱਲੋਂ ਮਹੀਨੇਵਾਰ ਲੜੀਵਾਰ ਸਹਿਤਕ ਸਮਾਗਮ ਉਲੀਕੇ ਜਾਂਦੇ ਹਨ ਜਿਸ ਵਿੱਚ ਗੀਤ, ਕਵਿਤਾਵਾਂ ਤੇ ਗ਼ਜ਼ਲਾਂ ਆਦਿ ਦਾ ਗਾਇਨ ਕੀਤਾ ਜਾਂਦਾ ਹੈ। ਸਭਾ ਰਾਹੀਂ ਲੋਕਾਂ ਨੂੰ ਸਾਹਿਤ ਨਾਲ ਜੋੜਨ ਲਈ, ਪੰਜਾਬੀ ਬੋਲੀ ਦੇ ਪਾਸਾਰ ਤੇ

ਪ੍ਰਚਾਰ ਲਈ ਬ੍ਰਿਸਬੇਨ ਵਿੱਚ ਪੰਜਾਬੀ ਸਕੂਲ ਦਾ ਗਠਨ ਕੀਤਾ ਗਿਆ। ਜਿੱਥੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਗਿਆਨ ਦਿੱਤਾ ਜਾਂਦਾ ਰਿਹਾ। ਇਸ ਤੋਂ ਇਲਾਵਾ ਸਭਾ ਵੱਲੋਂ ਲੋਕਾਂ ਨੂੰ ਮੁਫ਼ਤ ਪੰਜਾਬੀ ਸਾਹਿਤ ਪ੍ਰਦਾਨ ਕਰਨ ਲਈ ਨੁੱਕੜ ਪੰਜਾਬੀ ਕਿਤਾਬ ਘਰ ਸਥਾਪਤ ਕੀਤੇ ਗਏ ਜੋ ਆਸਟਰੇਲੀਆ ਦੀ ਧਰਤੀ ਉੱਤੇ ਕਿਸੇ ਪੰਜਾਬੀ ਸਾਹਿਤਕ ਸੰਸਥਾਂ ਵਜੋਂ ਨਿਵੇਕਲਾ ਕਾਰਜ ਹੈ। ਸਭਾ ਰਾਹੀਂ ਹਰ ਸਾਹਿਤਕ ਪ੍ਰੋਗਰਾਮ ਵਿੱਚ




ਪੰਜਾਬੀ ਦੀਆਂ ਨਵੀਂਆਂ ਛਪੀਆਂ ਕਿਤਾਬਾਂ ਵੀ ਲੋਕ ਅਰਪਣ ਕੀਤੀਆਂ ਜਾਂਦੀਆਂ ਹਨ। ਚਰਚਿਤ ਪੰਜਾਬੀ ਭਾਸ਼ਾ ਨਾਲ ਸਬੰਧਤ ਪੁਸਤਕਾਂ ਉੱਤੇ ਗੋਸ਼ਟੀਆਂ ਵੀ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਕਿਤਾਬ ਉੱਪਰ ਸਭਾ ਮੈਂਬਰਾਂ ਵੱਲੋਂ ਪਰਚੇ ਪੜ੍ਹੇ ਜਾਂਦੇ ਹਨ। ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਸਭਾ ਵੱਲੋਂ ਬਾਕੀ ਪੰਜਾਬੀ ਸੰਸਥਾਵਾਂ ਨਾਲ ਸਾਂਝੇ ਰੂਪ ਵਿੱਚ ਮਾਂ ਬੋਲੀ ਪੰਜਾਬੀ ਵਜੋਂ ਹਰ ਸਾਲ ਇਹ ਦਿਵਸ ਮਨਾਇਆ ਜਾਂਦਾ ਹੈ। ਬੱਚਿਆਂ ਵਿੱਚ ਪੰਜਾਬੀ ਪ੍ਰਤੀ ਪ੍ਰੇਮ ਜਗਾਉਣ ਲਈ, ਉਹਨਾਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਲਈ ਇਹਨਾਂ ਸਰਗਰਮੀਆਂ ਵਿੱਚ ਉਹਨਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਂਦਾ ਹੈ। ਸਭਾ ਦੇ ਮੈਂਬਰ ਇਸ ਸਭਾ ਤੋਂ ਇਲਾਵਾ ਵੀ ਹੋਰ ਸਾਹਿਤਕ ਖੇਤਰ ਵਿੱਚ ਸਰਗਰਮ ਸੰਸਥਾਵਾਂ ਨਾਲ ਅੰਤਰਰਾਸ਼ਟਰੀ ਤੌਰ ਉਤੇ ਵੀ ਜੁੜੇ ਹੋਏ ਹਨ। ਜਿਵੇਂ ਕਿ ਸਾਹਿਤਕ ਖੇਤਰ ਵਿੱਚ ਜਾਣੀ ਪਹਿਚਾਣੀ ਸ਼ਖ਼ਸੀਅਤ ਗ਼ਜ਼ਲਗੋ ਜਸਵੰਤ ਵਾਗਲਾ, ਰੌਸ਼ਨ ਕਲਾ ਮੰਚ ਦੇ ਖ਼ਾਸ ਮੈਂਬਰ ਹਨ। ਇਸ ਤੋਂ ਇਲਾਵਾ ਵਰਿੰਦਰ ਅਲੀਸ਼ੇਰ ਤੇ ਹਰਮਨਦੀਪ ਗਿੱਲ ਪੰਜਾਬੀ ਦੀ ਸਥਾਪਤ ਸਾਹਿਤਕ ਪੱਤ੍ਰਿਕਾ 'ਤਾਸਮਨ' ਦੇ ਸੰਪਾਦਕੀ ਬੋਰਡ ਵਿੱਚ ਮੁੱਖ ਅਹੁਦੇਦਾਰ ਹਨ। ਪਰਮਿੰਦਰ ਸਿੰਘ ਹਰਮਨ ਸੰਗੀਤਕ ਖੇਤਰ ਵਿੱਚ ਉਭਰਦਾ ਚਿਹਰਾ ਹਨ ਤੇ ਨਾਲ ਨੌਜਵਾਨ ਕਵੀ ਵਜੋਂ

ਵੀ ਅੱਗੇ ਆ ਰਹੇ ਹਨ। ਇਸ ਤੋਂ ਇਲਾਵਾ ਹਰਕੀ ਵਿਰਕ ਕਵਿਤਾ ਦੇ ਖੇਤਰ ਵਿੱਚ ਜਾਣੀ ਪਹਿਚਾਣੀ ਸ਼ਖ਼ਸੀਅਤ ਹਨ। ਵਿਭਾ ਜੀ ਜਾਣੇ ਪਹਿਚਾਣੇ ਟੀਵੀ ਹੋਸਟ ਹਨ ਤੇ ਹਰਜਿੰਦਰ ਕੌਰ ਟੀਵੀ ਐਂਕਰ ਹਨ। ਸਭਾ ਦੇ ਮੈਂਬਰ ਦਲਜੀਤ ਸਿੰਘ ਇੰਡੋਜ ਟੀਵੀ ਦੇ ਹੋਸਟ ਸੂਝਵਾਨ ਵਿਚਾਰਕਾਂ ਵਿੱਚੋਂ ਹਨ। ਸਭਾ ਦੇ ਮੈਂਬਰ ਲੜੀਵਾਰ ਅਮਨ ਭੰਗੂ, ਮਨ ਖਹਿਰਾ, ਰੀਤਿਕਾ ਅਹੀਰ, ਕਵੀ ਰਵਿੰਦਰ ਨਾਗਰਾ, ਲੇਖਕ ਜਗਜੀਤ ਖੋਸਾ, ਗੁਰਵਿੰਦਰ ਸਿੰਘ, ਦਿਨੇਸ਼ ਸ਼ੇਖੂਪੁਰਾ, ਹਰਦੀਪ ਵਾਗਲਾ, ਲਵੀ ਖੱਤਰੀ, ਬਲਵਿੰਦਰ ਮੋਰੋਂ, ਗੁਰਵਿੰਦਰ ਕੌਰ, ਦੇਵ ਸਿੱਧੂ, ਹਰਜੀਤ ਲਸਾੜਾ, ਅਜੇ ਪਾਲ, ਅਮਨਪ੍ਰੀਤ ਹੋਠੀ, ਸੁਖਜਿੰਦਰ ਆਦਿ ਸਰਗਰਮ ਮੈਂਬਰ ਹਨ।

ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ ਬਾਹਰੋਂ ਆਈਆਂ ਪੰਜਾਬੀ ਸਾਹਿਤਕ ਹਸਤੀਆਂ ਦਾ ਮਾਣ ਸਨਮਾਨ ਕਰਨਾ ਵੀ ਆਪਣਾ ਫਰਜ਼ ਸਮਝਦੀ ਹੈ। ਉਹਨਾਂ



ਹਸਤੀਆਂ ਨੂੰ ਲੋਕਾਂ ਦੇ ਰੂ-ਬ-ਰੂ ਕਰਵਾਉਣ ਲਈ ਖਾਸ ਪ੍ਰੋਗਰਾਮ ਵੀ ਉਲੀਕਦੀ ਹੈ। ਕੋਵਿਡ ਦੇ ਸੰਕਟ ਸਮੇਂ ਸਭਾ ਨੇ ਸਾਹਿਤਕ ਗਤੀਵਿਧੀਆਂ ਦੀ ਲੜੀਵਾਰਤਾ ਨੂੰ ਟੁੱਟਣ ਨਹੀਂ ਦਿੱਤਾ। ਇਸਦੀ ਲਗਾਤਾਰਤਾ ਬਣਾਈ ਰੱਖਣ ਲਈ ਆਨਲਾਈਨ ਕਵੀ ਦਰਬਾਰ ਤੇ ਗੋਸ਼ਟੀਆਂ ਆਯੋਜਿਤ ਕੀਤੀਆਂ ਗਈਆਂ। ਸਭਾ ਵੱਲੋਂ ਸਮੇਂ-ਸਮੇਂ ਉੱਤੇ ਸਮਾਗਮਾਂ ਉੱਪਰ ਕਿਤਾਬਾਂ ਦੀ ਸਟਾਲ ਵੀ ਲਾਈ ਜਾਂਦੀ ਹੈ ਤਾਂ ਕਿ ਲੋਕਾਂ ਨੂੰ ਕਿਤਾਬਾਂ ਨਾਲ ਜੋੜਿਆ ਜਾ ਸਕੇ। ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ ਦਾ ਇਹ ਦੂਜਾ ਸਾਲ ਹੈ ਪਰ ਇਹ ਸੰਸਥਾ ਬਹੁਤ ਹੀ ਥੋੜੇ ਸਮੇਂ ਵਿੱਚ ਵੱਡੀਆਂ ਪੁਲਾਂਘਾਂ ਪੁੱਟਣ ਕਰਕੇ ਪੰਜਾਬੀ ਸਾਹਿਤਕ ਜਗਤ ਵਿੱਚ ਆਪਣਾ ਨਾਮ ਮੁੱਖ ਸਾਹਿਤਕ ਸੰਸਥਾਵਾਂ ਵਿੱਚ ਦਰਜ ਕਰਵਾ ਚੁੱਕੀ ਹੈ।

**ਹਰਮਨਦੀਪ ਗਿੱਲ**
**ਆਸਟਰੇਲੀਆ ਪੰਜਾਬੀ ਲੇਖਕ ਸਭਾ ਬ੍ਰਿਸਬੇਨ**
**0430018118**

# ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ

ਇਪਸਾ ਦੀ ਬੁਨਿਆਦ ਜਨਵਰੀ 2016 ਵਿੱਚ ਬ੍ਰਿਸਬੇਨ ਵਿੱਚ ਪਾਲ ਰਾਊਕੇ ਦੇ ਘਰ ਆਯੋਜਿਤ ਕੀਤੀ ਗਈ ਇੱਕ ਸਾਹਿਤਕ ਮਹਿਫ਼ਲ ਵਿੱਚ ਰੱਖੀ ਗਈ ਸੀ। ਇਪਸਾ ਵਿੱਚ ਸਰਵ ਸ੍ਰੀ ਜਰਨੈਲ ਬਾਸੀ, ਪਾਲ ਰਾਊਕੇ, ਮਨਜੀਤ ਬੋਪਾਰਾਏ, ਦਲਵੀਰ ਹਲਵਾਰਵੀ, ਰੁਪਿੰਦਰ ਸੋਜ਼, ਆਤਮਾ ਸਿੰਘ ਹੇਅਰ, ਸਾਵਨਦੀਪ ਆਰਫ਼, ਸੁਰਜੀਤ ਸੰਧੂ ਆਦਿ ਇਸ ਦੇ ਮੁੱਢਲੇ ਮੈਂਬਰਾਂ ਵਿੱਚੋਂ ਪ੍ਰਮੁੱਖ ਹਨ, ਫਿਰ ਹੌਲੀ-ਹੌਲੀ ਇਸ ਕਾਫ਼ਲੇ ਵਿੱਚ ਕਈ ਨਾਮ ਸ਼ਾਮਿਲ ਹੁੰਦੇ ਗਏ। ਇਸ ਦੀਆਂ ਨਿਰੰਤਰ ਗਤੀਵਿਧੀਆਂ ਲਈ ਇੰਡੋਜ਼ ਪੰਜਾਬੀ ਲਾਇਬਰੇਰੀ ਇਨਾਲਾ ਦਾ ਹੋਣਾ ਬਹੁਤ ਲਾਹੇਵੰਦ ਰਿਹਾ। ਗੁਰੂ ਨਾਨਕ ਸਿੱਖ ਟੈਂਪਲ




ਇਨਾਲਾ ਵੱਲੋਂ ਮਿਲਦੇ ਸਹਿਯੋਗ ਨੇ ਇਸ ਨਵੇਂ ਲੱਗੇ ਬੂਟੇ ਨੂੰ ਬਿਰਖ਼ ਬਣਨ ਵਿੱਚ ਬਹੁਤ ਇਮਦਾਦ ਕੀਤੀ। ਸ. ਜਰਨੈਲ ਸਿੰਘ ਬਾਸੀ ਇਸਦੇ ਪਹਿਲੇ ਪ੍ਰਧਾਨ ਤੇ ਸਰਬਜੀਤ ਸੋਹੀ ਪਹਿਲੇ ਸੈਕਟਰੀ ਮਨੋਨੀਤ ਹੋਏ। ਮਹੀਨੇ ਬਾਅਦ ਹੁੰਦੀ ਇਕੱਤਰਤਾ ਵਿੱਚ ਹਰ ਮੈਂਬਰ ਦਾ ਸਹਿਯੋਗ ਅਤੇ ਪਰਿਵਾਰ ਸਮੇਤ ਹਾਜ਼ਰੀ ਭਰਨਾ ਆਪਣੇ ਆਪ ਵਿੱਚ ਵੱਡਾ ਯੋਗਦਾਨ ਸੀ। ਆਮ ਤੌਰ ਪੰਜਾਬੀ ਦੀਆਂ ਬਹੁਤੀਆਂ ਸਾਹਿਤਕ ਸੰਸਥਾਵਾਂ ਕਵਿਤਾਵਾਂ ਸੁਣਾਉਣ ਤੱਕ ਹੀ ਸੀਮਤ ਹੁੰਦੀਆਂ ਹਨ, ਜਦ ਕਿ ਇੰਡੋਜ਼ ਨੇ ਇਸ ਸੰਸਥਾ ਨੂੰ ਇੱਕ ਪਰਿਵਾਰ ਵਿੱਚ ਤਬਦੀਲ ਕਰਕੇ ਮੋਹ-ਮੁਹੱਬਤ ਦੀ ਇੱਕ ਨਿਵੇਕਲੀ ਮਿਸਾਲ ਪੇਸ਼ ਕੀਤੀ ਹੈ।

## ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ

ਆਸਟਰੇਲੀਆ ਦੇ ਸ਼ਹਿਰ ਬ੍ਰਿਸਬੇਨ ਵਿੱਚ ਸਾਹਿਤਕ ਗਤੀਵਿਧੀਆਂ ਨੂੰ ਪਿਛਲੇ ਪੰਜ ਸਾਲ ਤੋਂ ਬੇਰੋਕ ਪ੍ਰਵਾਹ ਅਤੇ ਮਿਆਰੀ ਪੱਧਰ ਪ੍ਰਦਾਨ ਕਰਨ ਵਾਲੀ ਸੰਸਥਾ 'ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ' ਸ਼ਾਇਦ ਵਿਸ਼ਵ ਦੀ ਇਕਲੌਤੀ ਪਰਿਵਾਰਕ ਸੰਸਥਾ ਹੈ, ਜੋ ਪਰਵਾਸ ਲਈ ਵਿਅਸਤ ਜੀਵਨ ਸ਼ੈਲੀ ਵਿੱਚ ਵੀ ਸਾਹਿਤ ਦੇ ਪਾਸਾਰ ਅਤੇ ਪ੍ਰਾਗਣ ਲਈ 'ਪਰਿਵਾਰਾਂ' ਸਮੇਤ ਕਾਰਜਸ਼ੀਲ ਹੈ। ਇਸ ਟੀਮ ਵਿੱਚ ਸ਼ਾਮਿਲ ਬਹੁਤੇ ਪਰਿਵਾਰਾਂ ਵਿੱਚੋਂ ਇੱਕ ਮੈਂਬਰ ਸਾਹਿਤ ਨਾਲ ਜੁੜਿਆ ਹੈ, ਕੁੱਝ ਪਰਿਵਾਰਾਂ ਦੇ ਦੋਵੇਂ ਮੈਂਬਰ ਹੀ। ਕੁੱਝ ਮੈਂਬਰ ਪੱਤਰਕਾਰੀ, ਕਲਾ, ਲੋਕਧਾਰਾ, ਸੰਗੀਤ ਜਾਂ ਰੰਗ-ਮੰਚ ਆਦਿ ਨਾਲ ਜੁੜੇ ਹਨ। ਇਪਸਾ ਵਿੱਚ ਉਹ ਸ਼ਾਮਿਲ ਪਰਿਵਾਰ ਹਨ, ਜੋ ਪਰਵਾਸ ਵਿੱਚ ਰਹਿੰਦਿਆਂ ਮਾਤ-ਭਾਸ਼ਾ/ਵਿਰਾਸਤ /ਸਭਿਆਚਾਰ ਅਤੇ ਨਰੋਈਆਂ ਕਦਰਾਂ ਕੀਮਤਾਂ ਲਈ ਫ਼ਿਕਰਮੰਦ ਹਨ। ਆਪਣੇ ਛੇਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਰਹੀ




## ਇਪਸਾ ਵੱਲੋਂ ਚੌਥਾ ਭਾਰਤੀ ਸਾਹਿਤਕ ਉਤਸਵ

'ਇਪਸਾ' ਦੇ ਸਰਪ੍ਰਸਤ ਸ. ਜਰਨੈਲ ਸਿੰਘ ਬਾਸੀ 76 ਸਾਲ ਦੇ ਗੱਭਰੂ ਹਨ, ਜਿਨ੍ਹਾਂ 'ਤੇ ਇਸ ਪੜਾਅ 'ਤੇ ਪਹੁੰਚ ਚੁੱਕੀ ਉਮਰ ਦਾ ਕੋਈ ਪ੍ਰਭਾਵ ਨਜ਼ਰ ਨਹੀਂ ਆਉਂਦਾ। ਇੰਡੋਜ਼ ਪੰਜਾਬ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਦਾ ਹਿੱਸਾ ਹੋਣਾ ਕੋਈ ਸਾਧਾਰਨ ਗੱਲ ਨਹੀਂ, ਇੱਕ ਬਹੁਤ ਹੀ ਮਾਣ ਅਤੇ ਸਨਮਾਨ ਵਾਲੀ ਗੱਲ ਹੈ।

ਕਾਮਰੇਡ ਰਤਨ ਸਿੰਘ ਟਰਸਟ ਹਲਵਾਰਾ, ਸਾਹਿਤ ਕਲਾ ਕੇਂਦਰ ਜਲੰਧਰ ਅਤੇ ਅਖ਼ਰ ਸਾਹਿਤ ਅਕਾਡਮੀ ਅੰਮ੍ਰਿਤਸਰ ਰਾਹੀਂ ਪੁਰਸਕਾਰਾਂ ਦੀ ਸਥਾਪਨਾ ਵੀ ਇਪਸਾ ਵੱਲੋਂ ਕੀਤੀ ਗਈ ਹੈ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਨਾਲ ਵੀ ਇਪਸਾ ਦੀ ਸਾਂਝ ਬਹੁਪਰਤੀ ਤੇ

ਸਹਿਯੋਗ ਭਰਪੂਰ ਹੈ। ਇਸ ਸੰਸਥਾ ਨੇ ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ 100 ਦੇ ਕਰੀਬ ਸਮਾਗਮ ਅਤੇ ਸੈਮੀਨਾਰ ਕਰਵਾ ਕੇ ਆਸਟਰੇਲੀਆ ਦੇ ਨਾਲ ਨਾਲ ਵਿਸ਼ਵ ਭਰ ਦੀਆਂ ਸੰਸਥਾਵਾਂ ਨਾਲ ਰਾਬਤਾ ਬਣਾ ਕੇ ਬਹੁਤ ਸਾਰੇ ਸਮਾਗਮ ਉਲੀਕੇ ਹਨ। 2010 ਵਿੱਚ ਰਛਪਾਲ ਹੇਅਰ ਦੇ ਯਤਨਾ ਸਦਕਾ ਇੰਡੋਜ਼ ਸਿੱਖ ਕਮਿਊਨਟੀ ਸੈਂਟਰ ਇਨਾਲਾ ਵਿਖੇ ਇੰਡੋਜ਼ ਪੰਜਾਬੀ ਲਾਇਬ੍ਰੇਰੀ ਖੋਲ੍ਹੀ ਗਈ ਇਹ ਇਸ ਵੇਲੇ ਆਸਟਰੇਲੀਆ ਵਿੱਚ ਪੰਜਾਬੀ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਹੈ।

**ਸਾਲ 2022 ਦੀ ਕਾਰਜਕਾਰਨੀ:** ਸਰਪ੍ਰਸਤ: ਜਰਨੈਲ ਬਾਸੀ, ਪ੍ਰਧਾਨ: ਰੁਪਿੰਦਰ ਸੋਜ਼, ਮੀਤ ਪ੍ਰਧਾਨ: ਦੀਪਇੰਦਰ ਸਿੰਘ, ਮੀਤ ਪ੍ਰਧਾਨ: ਪਾਲ ਰਾਊਕੇ, ਜਨਰਲ ਸਕੱਤਰ: ਸੁਰਜੀਤ ਸੰਧੂ, ਵਿਸ਼ੇਸ਼ ਸਕੱਤਰ: ਮਨਜੀਤ ਬੋਪਾਰਾਏ, ਜਾਇੰਟ ਸਕੱਤਰ: ਬਿਕਰਮਜੀਤ ਸਿੰਘ, ਸਪੋਕਸਮੈਨ: ਦਲਵੀਰ ਹਲਵਾਰਵੀ, ਕੈਸ਼ੀਅਰ: ਆਤਮਾ ਹੇਅਰ, ਕੋਆਰਡੀਨੇਟਰ: ਸਰਬਜੀਤ ਸੋਹੀ, ਮਿਊਜ਼ਿਕ ਡੈਲੀਗੇਟ: ਰਾਜਦੀਪ ਲਾਲੀ, ਥੀਏਟਰ ਡੈਲੀਗੇਟ: ਗੁਰਦੀਪ ਜਗੇੜਾ, ਲੋਕਨਾਚ ਡੈਲੀਗੇਟ: ਗੁਰਜੀਤ ਬਾਰੀਆ, ਕਲਚਰ ਡੈਲੀਗੇਟ: ਹੈਪੀ ਚਾਹਲ, ਵਿਰਾਸਤ ਡੈਲੀਗੇਟ: ਸ਼ਮਸ਼ੇਰ ਚੀਮਾ, ਇਤਿਹਾਸ ਡੈਲੀਗੇਟ: ਸੁਖਮੰਦਰ ਸੰਧੂ, ਪ੍ਰਚਾਰ ਸਕੱਤਰ: ਆਲੀਆ ਜਟਾਣਾ, ਸਿੱਖਿਆ ਸਕੱਤਰ: ਰਿੰਪਲ ਸੰਧੂ, ਪ੍ਰਬੰਧਕੀ ਸਕੱਤਰ: ਕੁਲਵਿੰਦਰ ਭਟੋਆ, ਲੇਖਾ ਸਕੱਤਰ: ਅਲਕਾ ਸ਼ਰਮਾ, ਸਹਾਇਕ ਸਕੱਤਰ: ਪ੍ਰਿੰਸਪਾਲ ਕੌਰ, ਸੂਚਨਾ ਸਕੱਤਰ: ਰੋਮਨਪ੍ਰੀਤ ਕੌਰ, ਕਾਨੂੰਨੀ ਸਲਾਹਕਾਰ: ਗੁਰਪ੍ਰੀਤ ਬੱਲ, ਮੀਡੀਆ ਸਲਾਹਕਾਰ: ਪੁਸ਼ਪਿੰਦਰ ਤੂਰ, ਸਮਾਜਿਕ ਸਲਾਹਕਾਰ: ਗੁਰਵਿੰਦਰ ਖੱਟੜਾ




ਇਪਸਾ ਦੀ ਕਾਰਜਕਾਰਨੀ ਦੀ ਚੋਣ ਸਮੇਂ

# ਸਾਹਿਤ ਸੁਮੇਲ ਸੰਸਥਾ ਸਾਊਥ ਆਸਟਰੇਲੀਆ




ਸਾਹਿਤ ਸੁਮੇਲ ਸੰਸਥਾ ਸਾਊਥ ਆਸਟਰੇਲੀਆ ਵਿੱਚ ਸਥਾਪਿਤ ਇੱਕ ਅਜਿਹੀ ਸੰਸਥਾ ਹੈ ਜੋ ਸਾਹਿਤ ਦੇ ਸਾਰੇ ਹੀ ਰੰਗਾਂ ਜਿਵੇਂ ਕਿ ਕਾਵਿ, ਨਾਟਕ, ਕਹਾਣੀ, ਗੀਤ ਅਤੇ ਸੰਗੀਤ ਦਾ ਸੁਮੇਲ ਹੈ। ਅਜਿਹਾ ਸੁਮੇਲ ਸਾਰੀਆਂ ਕਲਾਵਾਂ ਨੂੰ ਵੱਧਣ-ਫੁੱਲਣ ਤੇ ਮੌਲਣ ਲਈ ਮੰਚ ਪ੍ਰਦਾਨ ਕਰਦਾ ਹੈ। ਸਾਹਿਤ ਸੁਮੇਲ ਸੰਸਥਾ ਦੀ ਸਥਾਪਨਾ ਕਰਦੇ ਸਮੇਂ ਕੁਝ ਖਾਸ ਉਦੇਸ਼ ਮਿੱਥੇ ਗਏ ਜਿਵੇਂ ਕਿ ਨਵੀਂ ਪੀੜ੍ਹੀ ਨੂੰ, ਖਾਸ ਕਰਕੇ ਬੱਚਿਆਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨਾ, ਸਥਾਨਕ ਨਵੇਂ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਦੀਆਂ ਮਿਲਣੀਆਂ ਆਯੋਜਿਤ ਕਰਨੀਆਂ, ਨਵੀਆਂ ਛਪੀਆਂ ਪੁਸਤਕਾਂ ਨੂੰ ਰਿਲੀਜ਼ ਕਰਨਾ ਤੇ ਨਵੀਆਂ ਕਲਮਾਂ ਨੂੰ ਪ੍ਰੋਤਸਾਹਿਤ ਕਰਨਾ ਵੀ ਇਸ ਮੰਚ ਦਾ ਮੁੱਢਲਾ ਉਦੇਸ਼ ਹੈ। ਇਸਦੇ ਨਾਲ ਹੀ ਇਸ ਸੰਸਥਾ ਵੱਲੋਂ ਕਿਸੇ ਵੀ ਮੁਲਕ 'ਚ ਵੱਸਦੇ ਸਾਹਿਤਕਾਰਾਂ, ਫਨਕਾਰਾਂ ਅਤੇ ਅਦੀਬਾਂ ਦਾ ਖਾਸ ਤੌਰ 'ਤੇ ਸਥਾਨਕ ਸ਼ਹਿਰ 'ਚ ਵੱਸਦੇ ਸਾਹਿਤ ਪ੍ਰੇਮੀਆਂ ਨਾਲ ਰੂ ਬ ਰੂ ਕਰਵਾਉਣਾ ਇਸ ਮੰਚ ਦਾ ਹਾਸਿਲ ਹੈ। ਜਿਕਰਯੋਗ ਹੈ ਕਿ ਸਾਹਿਤ ਸੁਮੇਲ ਆਪਣੇ ਮੂਲ ਉਦੇਸ਼, ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਵਿੱਚ ਇੱਕ ਕੜੀ ਵਜੋਂ ਕੰਮ ਕਰ ਰਿਹਾ ਹੈ।

ਇਸ ਸੰਸਥਾ ਦੀ ਸਥਾਪਨਾ 2019 ਨਵੇਂ ਵਰ੍ਹੇ ਦੀ ਆਮਦ ਵੇਲੇ ਸੁਰਿੰਦਰ ਸਿਦਕ, ਮਹਿੰਗਾ ਸਿੰਘ ਸੰਘਰ, ਡਾ. ਮਨਦੀਪ ਕੌਰ ਢੀਂਡਸਾ, ਨਵਨੀਤ ਕੌਰ ਅਤੇ ਗੁਰਪ੍ਰੀਤ ਕੌਰ ਦੇ ਸਾਂਝੇ ਉਦਮ ਸਦਕਾ ਹੋਈ। ਇਸ ਦੇ ਤਹਿਤ ਹੀ ਜਦੋਂ ਵੀ ਸਾਹਿਤਕ ਪ੍ਰੋਗਰਾਮ ਕਰਵਾਏ ਗਏ, ਬੜੇ ਸੂਝਵਾਨ ਤੇ ਉਤਸ਼ਾਹ ਭਰਪੂਰ ਮੈਂਬਰ ਇਸ ਸੰਸਥਾ ਦਾ ਹਿੱਸਾ ਬਣਦੇ ਗਏ ਜਿਨ੍ਹਾਂ ਵਿੱਚ ਪਰੋਮਿਲਾ ਗੁਪਤਾ, ਸਤੀਸ਼ ਗੁਪਤਾ, ਗੁਰਚਰਨ ਰੁਪਾਣਾ, ਹਰਵਿੰਦਰ ਚਾਹਲ, ਅਮਰਦੀਪ ਸਿੰਘ, ਰਮਨਪ੍ਰੀਤ ਸਿੰਘ ਆਦਿ ਦੇ ਨਾਮ ਵਰਨਣਯੋਗ ਹਨ। ਸੰਸਥਾ ਦੇ ਸਮੂਹ ਮੈਂਬਰਾਂ ਵੱਲੋਂ ਕੀਤੇ ਗਏ ਕੰਮਾਂ ਤੇ ਉਹਨਾਂ ਦੇ ਉਤਸ਼ਾਹ ਨੂੰ ਵੇਖਦਿਆਂ ਹੋਇਆਂ ਇੱਕ ਸਾਂਝੀ ਇਕੱਤਰਤਾ ਕੀਤੀ ਗਈ ਜਿਸ ਵਿੱਚ ਸਾਰੇ ਮੈਂਬਰਾਂ ਦੀ ਰਜਾਮੰਦੀ ਤਹਿਤ ਉਹਨਾਂ ਨੂੰ ਜਿੰਮੇਵਾਰੀਆਂ ਸੌਂਪੀਆਂ ਗਈਆਂ, ਜਿਨ੍ਹਾਂ ਵਿੱਚ ਸੰਸਥਾ ਦੇ ਪ੍ਰਧਾਨ ਵਜੋਂ ਸੁਰਿੰਦਰ ਸਿਦਕ-ਜਨਰਲ ਸਕੱਤਰ, ਡਾ. ਮਨਦੀਪ ਢੀਂਡਸਾ-ਖਜਾਨਚੀ, ਗੁਰਚਰਨ ਰੁਪਾਣਾ ਅਤੇ ਇਸ ਤੋਂ ਇਲਾਵਾ ਐਡਵਾਇਜਰੀ ਕਮੇਟੀ ਵਿੱਚ ਮਹਿੰਗਾ ਸਿੰਘ ਸੰਘਰ, ਸਤੀਸ਼ ਗੁਪਤਾ ਤੇ ਪਰੋਮਿਲਾ ਗੁਪਤਾ ਨੂੰ ਚੁਣਿਆ ਗਿਆ।

## ਸਾਹਿਤ ਸੁਮੇਲ ਸੰਸਥਾ ਸਾਊਥ ਆਸਟਰੇਲੀਆ

ਸਾਹਿਤ ਸੁਮੇਲ ਦਾ ਪਲੇਠਾ ਸਮਾਗਮ 10 ਫਰਵਰੀ 2019 ਵਿੱਚ ਸੁੱਖੀ ਬਾਠ (ਪੰਜਾਬ ਭਵਨ ਸਰੀ) ਕਨੇਡਾ, ਕਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਹੁਰਾਂ ਦੀ ਆਸਟਰੇਲੀਆ ਫੇਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵਿਸ਼ੇਸ਼ ਤੌਰ ਤੇ ਉਲੀਕਿਆ ਗਿਆ। ਇਸੇ ਹੀ ਸਮਾਗਮ ਵਿੱਚ ਸੁੱਖੀ ਬਾਠ ਹੁਰਾਂ ਵੱਲੋਂ ਸਰੋਤਿਆਂ ਦੇ ਭਰਵੇਂ ਇੱਕਠ ਵਿੱਚ ਸਾਹਿਤ ਸੁਮੇਲ ਨੂੰ ਗਲੋਬਲ ਪੰਜਾਬੀ ਦ੍ਰਿਸ਼ਟੀ ਮੰਚ 2020 ਦਾ ਹਿੱਸਾ ਬਣਾਇਆ ਗਿਆ। ਇਹ ਸਾਹਿਤ ਸੁਮੇਲ ਸੰਸਥਾ ਦੀ ਮੁੱਢਲੀ ਪ੍ਰਾਪਤੀ ਕਹੀ ਜਾ ਸਕਦੀ ਹੈ। ਇਸ ਪ੍ਰੋਗਰਾਮ ਵਿੱਚ ਜਿੱਥੇ ਕਵੀਆਂ ਤੇ ਸ਼ਾਇਰਾਂ ਨੇ ਵੱਖ-ਵੱਖ ਵਿਸ਼ਿਆਂ ਨੂੰ ਦਰਸਾਉਂਦੀ ਸ਼ਾਇਰੀ ਦੀ ਸਾਂਝ ਪਾਈ ਉਥੇ ਹੀ ਖ਼ੂਬਸੂਰਤ ਆਵਾਜ਼ ਵਿੱਚ




**ਪੰਜਾਬੀ ਭਾਸ਼ਾ ਨਾਲ ਸੰਬੰਧਿਤ ਬਾਲ ਪ੍ਰਤਿਯੋਗਿਤਾ**

ਸੂਫੀਆਨਾ ਕਲਾਮ ਵੀ ਪੜ੍ਹੇ ਗਏ। ਇਸ ਸਮਾਗਮ ਦੀ ਆਨ ਤੇ ਸ਼ਾਨ ਛੋਟੇ ਬੱਚੇ-ਬੱਚੀਆਂ ਵੱਲੋਂ ਅੰਮ੍ਰਿਤਾ ਪ੍ਰੀਤਮ ਨੂੰ ਨਿਵੇਕਲੇ ਅੰਦਾਜ ਵਿੱਚ ਦਿੱਤੀ ਸ਼ਰਧਾਂਜਲੀ ਇਸ ਪ੍ਰੋਗਰਾਮ ਦਾ ਸਿਖਰ ਹੋ ਨਿੱਬੜੀ। ਸੰਸਥਾ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸੇ ਹੀ ਵਰ੍ਹੇ 12 ਮਾਰਚ 2019 ਵਿੱਚ ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿਦਕ ਦਾ ਗਜ਼ਲ ਸੰਗ੍ਰਹਿ 'ਕੁਝ ਤਾਂ ਕਹਿ' ਰਿਲੀਜ਼ ਕੀਤਾ ਗਿਆ। 2 ਜੂਨ 2019 ਨੂੰ ਮਹਿਫ਼ਲੇ-ਗ਼ਜ਼ਲ ਨਾਈਟ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਥਾਨਕ ਗ਼ਜ਼ਲ ਗਾਇਕ ਆਰ. ਬਾਵਾ ਤੇ ਸਚਿਨ ਸਹਿਮੀ ਦੁਆਰਾ ਸੁਰਿੰਦਰ ਸਿਦਕ ਦੇ ਸੱਜਰੇ ਗਜ਼ਲ-ਸੰਗ੍ਰਹਿ 'ਕੁਝ ਤਾਂ ਕਹਿ' ਦੀਆਂ ਚੁਣੀਂਦਾ ਗ਼ਜ਼ਲਾਂ ਗਾਈਆਂ ਤੇ ਉਥੇ ਹੀ ਗਜ਼ਲ ਖੇਤਰ 'ਚ ਸਥਾਪਿਤ ਗ਼ਜ਼ਲਗੋਆਂ ਦੀਆਂ ਗ਼ਜ਼ਲਾਂ ਨੂੰ ਗਾ ਕੇ ਸਰੋਤਿਆਂ ਨੂੰ ਕੀਲੀ ਰੱਖਿਆ। ਆਪਣੀ ਕਿਸਮ ਦੀ ਇਸ ਬਹੁਤ ਹੀ ਉਮਦਾ ਮਹਿਫਲ ਵਿੱਚ ਹਰ ਵਰਗ ਦੇ ਸਰੋਤਿਆਂ ਨੇ ਭਰਵੀਂ ਗਿਣਤੀ ਵਿੱਚ ਹਾਜ਼ਰੀ ਲਗਵਾਈ।

2019 ਦਾ ਵਰ੍ਹਾ ਸਾਹਿਤ ਸੁਮੇਲ ਦੀ ਸਥਾਪਨਾ ਵਾਲਾ ਵਰ੍ਹਾ ਸੀ। ਇਸ ਵਰ੍ਹੇ ਦੀ ਖ਼ੂਬਸੂਰਤੀ ਇਹ ਰਹੀ ਕਿ ਇਸ ਵਿੱਚ ਚੱਲਣ ਵਾਲੇ ਸਮਾਗਮਾਂ ਦੀ ਨਿਰੰਤਰਤਾ

ਬਹੁਤ ਲਾਜ਼ਵਾਬ ਰਹੀ। ਇਸੇ ਹੀ ਨਿਰੰਤਰਤਾ ਨੂੰ ਅੱਗੇ ਵਧਾਉਂਦਿਆਂ 2 ਨਵੰਬਰ 2019 ਨੂੰ ਐਡੀਲੇਡ ਸ਼ਹਿਰ ਦੇ ਪ੍ਰਸਿੱਧ ਡਿਪਰੈਸ਼ਨ ਥਰੈਪੀ ਦੇ ਮਾਹਿਰ ਸ੍ਰੀ ਰਿਸ਼ੀ ਗੁਲਾਟੀ ਦੀ ਵਾਰਤਕ (ਲੇਖ ਨੁਮਾ) ਪੁਸਤਕ 'ਜ਼ਿੰਦਗੀ ਅਜੇ ਬਾਕੀ ਹੈ' ਰਿਲੀਜ਼ ਕੀਤੀ ਗਈ। ਜਿਸ ਵਿੱਚ ਡਾ. ਸਵਰਨਜੀਤ ਕੌਰ ਗਰੇਵਾਲ ਵੱਲੋਂ ਇਸ ਪੁਸਤਕ ਉਪਰ ਇੱਕ ਮਿਆਰੀ ਪਰਚਾ ਪੜ੍ਹਿਆ ਗਿਆ। ਡਾ. ਸਵਰਨਜੀਤ ਕੌਰ ਗਰੇਵਾਲ ਪੰਜਾਬ ਤੋਂ ਆਸਟਰੇਲੀਆ ਫੇਰੀ ਤੇ ਆਏ ਹੋਏ ਸਨ, ਇਸ ਸਮਾਗਮ ਨੂੰ ਉਹਨਾਂ ਵੱਲੋਂ ਪੰਜਾਬੀ ਸਾਹਿਤ ਦੀ ਇੱਕ ਅਹਿਮ ਪ੍ਰਾਪਤੀ ਮੰਨਿਆ ਗਿਆ। ਉਹਨਾਂ ਇਹ ਮਹਿਸੂਸ ਕੀਤਾ ਕਿ ਬਾਹਰਲੇ ਮੁਲਕਾਂ ਵਿੱਚ ਪੰਜਾਬੀਅਤ ਨੂੰ ਕਾਇਮ ਦਾਇਮ ਰੱਖਣ ਲਈ ਹੋ ਰਹੇ ਨਿਰੰਤਰ ਯਤਨ ਸ਼ਲਾਘਾਯੋਗ ਹਨ। ਪੁਸਤਕ ਦੇ ਰਚੇਤਾ ਸ੍ਰੀ ਰਿਸ਼ੀ ਗੁਲਾਟੀ ਨੂੰ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ ਤੇ ਉਹਨਾਂ ਵੱਲੋਂ ਸਾਹਿਤ ਵਿੱਚ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਸੋਹਣਾ ਉੱਦਮ ਦੱਸਿਆ ਗਿਆ।

ਸਾਹਿਤ ਸੁਮੇਲ ਵੱਲੋਂ 2019 ਨਵੰਬਰ ਨੂੰ ਬਾਲ ਪ੍ਰਤੀਯੋਗਤਾ ਤਹਿਤ ਕਾਵਿ-ਉਚਾਰਨ ਅਤੇ ਪਰਖ ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਮੁੱਖ ਉਦੇਸ਼ ਬੱਚਿਆਂ ਅੰਦਰ ਸਾਹਿਤ ਪ੍ਰਤੀ ਉਤਸ਼ਾਹ ਤੇ ਪੰਜਾਬ, ਪੰਜਾਬੀਅਤ ਤੇ ਸੱਭਿਆਚਾਰ ਨੂੰ ਦਰਸਾਉਂਦੀਆਂ ਕਦਰਾਂ-ਕੀਮਤਾਂ ਤੋਂ ਵਾਕਫ਼ ਕਰਵਾਉਣਾ ਸੀ। ਇਸ ਪ੍ਰਤੀਯੋਗਤਾ ਵਿੱਚ 5 ਸਾਲ ਤੋਂ 15 ਸਾਲ ਦੀ ਉਮਰ ਤੱਕ ਦੇ ਬੱਚਿਆਂ ਨੇ ਭਾਗ ਲਿਆ। ਜਿੰਨ੍ਹਾਂ ਦੀ ਪ੍ਰਤੀਯੋਗਤਾ ਨੂੰ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਸਰੋਤਿਆਂ-ਮਾਪਿਆਂ ਦੀ ਹਾਜ਼ਰੀ ਵਿੱਚ ਪਰਖਿਆ ਗਿਆ। ਇਸ ਪ੍ਰਤੀਯੋਗਤਾ ਨੂੰ ਪਰਖਣ ਵਾਲੇ ਨਿਰਣਾਇਕ ਉਚੇਚੇ ਤੌਰ ਤੇ ਬੁਲਾਏ ਗਏ ਜਿਨ੍ਹਾਂ ਨੇ ਬਹੁਤ ਹੀ ਬਾਰੀਕੀ ਪਰਖ ਨਾਲ ਬੱਚਿਆਂ ਦੇ ਅੰਦਰ ਘੋਖਿਆ ਤੇ ਸਾਬਾਸ਼ ਦੇਂਦਿਆਂ, ਇਸ ਲਗਨ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਭਾਗ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਪਹੁੰਚੇ ਹੋਏ ਬਹੁਤ ਸਾਰਿਆਂ ਮਾਪਿਆਂ ਵੱਲੋਂ ਅਜਿਹੇ ਪ੍ਰੋਗਰਾਮ ਕਰਵਾਉਣੇ ਬੇਹੱਦ ਜਰੂਰੀ ਦੱਸੇ ਗਏ ਤੇ ਉਹਨਾਂ ਨੇ ਸਾਹਿਤ ਸੁਮੇਲ ਦੀ ਅਜਿਹੀ ਪਹਿਲ ਕਦਮੀ ਨੂੰ ਇੱਕ ਉੱਤਮ ਉਪਰਾਲਾ ਕਿਹਾ, ਭਾਗ ਲੈਣ ਵਾਲੇ ਸਾਰੇ ਹੀ ਪ੍ਰਤੀਯੋਗੀਆਂ ਨੇ ਇੱਕ ਪ੍ਰਣ ਲਿਆ ਕਿ ਉਹ ਅਜਿਹੀਆਂ ਪ੍ਰਤੀਯੋਗਤਾਵਾਂ ਦਾ ਹਿੱਸਾ ਜਰੂਰ ਬਣਨਗੇ।

5 ਜਨਵਰੀ 2020 ਨੂੰ ਇੱਕ ਕਵੀ ਦਰਬਾਰ ਉਲੀਕਿਆ ਗਿਆ, ਜਿੱਥੇ ਇਹ ਸਮਾਂ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਦਾ ਸੀ, ਉਥੇ ਹੀ ਉਸ ਸਮੇਂ ਆਸਟਰੇਲੀਆ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਦਿਨੋਂ ਦਿਨ ਕਹਿਰ ਢਾਅ ਰਹੀ ਸੀ, ਸਥਾਨਕ ਸ਼ਹਿਰ ਦੇ ਕਵੀਆਂ ਤੇ ਸਾਹਿਤ ਸੁਮੇਲ ਦੇ ਸਮੂਹ ਮੈਂਬਰਾਂ ਵੱਲੋਂ ਇਕੱਤਰ ਹੋ

ਕੇ ਇਸ ਭਿਆਨਕ ਅੱਗ ਦੇ ਕਹਿਰ ਨੂੰ ਸੋਗੀ ਭਾਵਨਾਵਾਂ ਰਾਹੀਂ ਵਿਅਕਤ ਕੀਤਾ ਗਿਆ ਤੇ ਸਰਬੱਤ ਜੀਆਂ-ਪੰਛੀਆਂ-ਜਾਨਵਰਾਂ ਦੇ ਭਲੇ ਦੀ ਅਰਜ਼ੋਈ ਕੀਤੀ ਗਈ।

29 ਜਨਵਰੀ 2020 ਨੂੰ ਸਾਹਿਤ ਸੁਮੇਲ ਦੇ ਜਨਰਲ ਸਕੱਤਰ ਵਜੋਂ ਕੰਮ ਕਰ ਰਹੀ ਡਾ. ਮਨਦੀਪ ਢੀਂਡਸਾ ਵੱਲੋਂ ਪ੍ਰਸਿੱਧ ਗੀਤਕਾਰ ਜਸਬੀਰ ਗੁਣਾਚੌਰੀਆ ਦੀ ਗੀਤਕਾਰੀ ਉਪਰ ਸੰਪਾਦਿਤ ਕੀਤੀ ਗਈ ਪੁਸਤਕ ਰਿਲੀਜ਼ ਕੀਤੀ ਗਈ।



8 ਮਾਰਚ 2020 ਨੂੰ ਔਰਤ ਦਿਵਸ ਮਨਾਇਆ ਗਿਆ, ਜਿਸ ਦਾ ਸਿਰਲੇਖ ਗੁਲਾਬੀ ਰੂਹਾਂ ਰੱਖਿਆ ਗਿਆ। ਇਸ ਸਮਾਗਮ ਵਿੱਚ ਔਰਤ ਦੇ ਕਿਰਦਾਰ ਨੂੰ ਹਰ ਐਂਗਲ ਤੋਂ ਪ੍ਰਗਟਾਉਣ ਲਈ ਵੱਖ-ਵੱਖ ਭੂਮਿਕਾਵਾਂ ਨਿਭਾਈਆਂ ਗਈਆਂ। ਸ਼ਬਦ, ਕਵਿਤਾ, ਗੀਤ, ਗਜ਼ਲ, ਭੰਗੜਾ, ਨਾਟਕ, ਗਤਕਾ ਆਦਿ ਦੇ ਮਾਧਿਅਮ ਰਾਹੀਂ ਔਰਤ ਦੇ ਸੁੱਚੇ ਤੇ ਉੱਚੇ ਕਿਰਦਾਰ ਨੂੰ ਬਾਖੂਬੀ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪਾਲੀ ਭੁਪਿੰਦਰ ਦਾ ਨਾਟਕ ਵੀ ਖੇਡਿਆ ਗਿਆ। ਇਸ ਸਮਾਗਮ ਵਿੱਚ ਖਾਸ ਤੌਰ ਤੇ ਦਰਜਨ ਦੇ ਕਰੀਬ ਬੱਚੀਆਂ ਨੇ ਭਾਰਤੀ ਇਤਿਹਾਸ ਵਿੱਚ ਹੋਈਆਂ ਰੋਲ ਮਾਡਲ ਨਾਰੀਆਂ ਜਿਵੇਂ ਕਿ ਕਲਪਨਾ ਚਾਵਲਾ, ਮਾਈ ਭਾਗੋ, ਮਦਰ ਟਰੇਸਾ, ਸਾਨੀਆ ਮਿਰਜ਼ਾ ਦੇ ਕਿਰਦਾਰ ਨੂੰ ਦਰਸਾਉਂਦਿਆਂ ਆਪਣੀ-ਆਪਣੀ ਪੇਸ਼ਕਾਰੀ ਰਾਹੀਂ ਭਰਵੇਂ ਇੱਕਠ ਨੂੰ ਬਾਕਮਾਲ ਲਹਿਜੇ ਰਾਹੀਂ ਪ੍ਰਭਾਵਿਤ ਕੀਤਾ। ਸਾਹਿਤ ਸੁਮੇਲ ਵੱਲੋਂ ਸਭ ਭਾਗ ਲੈਣ ਵਾਲਿਆਂ ਨੂੰ ਉੱਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸਾਹਿਤ ਸੁਮੇਲ ਦਾ ਇਹ ਵਾਅਦਾ ਸੀ ਕਿ ਔਰਤ ਦਿਵਸ ਹਰ ਸਾਲ ਇਸੇ ਹੀ ਲਗਨ ਨਾਲ ਮਨਾਇਆ ਜਾਵੇਗਾ ਪਰ ਸੰਸਾਰ ਪੱਧਰ ਤੇ ਕਰੋਨਾ ਮਹਾਂਮਾਰੀ ਦੇ ਪਏ ਪ੍ਰਭਾਵ ਕਾਰਨ ਅਜਿਹੇ ਬਹੁਤ ਸਾਰੇ ਕਾਰਜਾਂ ਵਿੱਚ ਖੜੋਤ ਆ ਜਾਣੀ ਸੁਭਾਵਿਕ ਸੀ, ਸੋ ਸਾਹਿਤ ਸੁਮੇਲ ਵੱਲੋਂ ਨਿਰੰਤਰ ਯਤਨ ਹਨ ਕਿ ਸਰੋਤਿਆਂ ਦੀ ਵੱਡੀ ਹਾਜ਼ਰੀ ਵਿੱਚ ਕਰਵਾਏ ਜਾਣ ਵਾਲੇ ਅਜਿਹੇ ਪ੍ਰੋਗਰਾਮ ਪਹਿਲ ਦੇ ਅਧਾਰ ਤੇ ਕਰਵਾਏ ਜਾਣ ਜਿਸ ਰਾਹੀਂ ਅਸੀਂ ਆਪਣੇ ਅਮੀਰ ਵਿਰਸੇ ਨੂੰ ਆਪਣੀਆਂ ਨਵੀਆਂ ਪੀੜ੍ਹੀਆਂ ਤੱਕ ਪਹੁੰਚਾ ਸਕੀਏ।

## ਸਾਹਿਤ ਸੁਮੇਲ ਸੰਸਥਾ ਸਾਊਥ ਆਸਟਰੇਲੀਆ

ਕਰੋਨਾ ਮਹਾਂਮਾਰੀ ਦੌਰਾਨ ਜਿੱਥੇ ਇਨਸਾਨ ਆਪਣੇ ਹੀ ਘਰ ਵਿੱਚ ਰਹਿੰਦਾ ਇੱਕਲਾ ਹੋ ਗਿਆ ਸੀ, ਉੱਥੇ ਹੀ ਸਾਹਿਤ ਸੁਮੇਲ ਸੰਸਥਾ ਵਲੋਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਵਾਂਗ ਆਪਣੇ ਸਾਹਿਤਕ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਆਨਲਾਈਨ ਕਾਵਿ-ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਭਵਨ ਸਰੀ, ਕਨੇਡਾ ਦੇ ਸੰਸਥਾਪਕ ਸੁੱਖੀ ਬਾਠ ਹੁਰਾਂ ਵੱਲੋਂ ਤੇ ਸਾਹਿਤ ਸੁਮੇਲ ਵੱਲੋਂ ਸੁਰਿੰਦਰ ਸਿਦਕ ਦੀ ਅਗਵਾਈ ਵਿੱਚ ਸਾਂਝੇ ਉਦਮ ਨਾਲ ਵੱਖ-ਵੱਖ ਮੁਲਕਾਂ 'ਚ ਵੱਸਦੇ ਪੰਜਾਬੀ ਬੱਚਿਆਂ ਦੀ ਇੱਕ ਆਨਲਾਈਨ ਕਾਵਿ ਪ੍ਰਤੀਯੋਗਤਾ ਕਰਵਾਈ ਗਈ, ਇਹ ਵਿਸ਼ਵ ਪੱਧਰ ਦੀ ਸਫਲ ਕਾਰਗੁਜਾਰੀ ਸਾਬਤ ਹੋਈ ਜਿਸ ਵਿੱਚ ਵੱਡੀ ਗਿਣਤੀ ਵਿੱਚ 6 ਸਾਲ ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਉੱਤਮ ਪੇਸ਼ਕਾਰੀ ਕਰਨ ਵਾਲੇ ਸਭ ਪ੍ਰਤੀਯੋਗੀਆਂ ਨੂੰ ਖ਼ੂਬਸੂਰਤ ਇਨਾਮ ਪ੍ਰਦਾਨ ਕੀਤੇ ਗਏ।

28 ਅਕਤੂਬਰ ਨੂੰ ਮਨਮੀਤ ਅਲੀਸ਼ੇਰ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ, ਜਿਸ ਵਿੱਚ ਸਥਾਨਕ ਸ਼ਹਿਰ ਦੇ ਸਾਹਿਤ ਪ੍ਰੇਮੀਆਂ ਵੱਲੋਂ ਉਸਨੂੰ ਭਾਵਪੂਰਤ ਸ਼ਰਧਾਂਜਲੀ ਅਰਪਣ ਕੀਤੀ ਗਈ।

15 ਨਵੰਬਰ 2020 ਨੂੰ ਸਾਹਿਤ ਸੁਮੇਲ ਦੇ ਸਰਗਰਮ ਮੈਂਬਰ ਗੁਰਚਰਨ ਰੁਪਾਣਾ ਦੀ ਪੁਸਤਕ 'ਤੈਨੂੰ ਇੱਕ ਖਤ ਲਿਖ ਦੇਵਾਂ' ਦਾ ਰਿਲੀਜ਼ ਸਮਾਰੋਹ ਕੀਤਾ ਗਿਆ ਜਿਸ ਵਿੱਚ ਕੇਵਲ ਤੇ ਕੇਵਲ ਇਸ ਪੁਸਤਕ ਉਪਰ ਵਿਚਾਰ ਗੋਸ਼ਟੀ ਕੀਤੀ ਤੇ ਇਸੇ ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਪੜ੍ਹਿਆ ਤੇ ਸੁਣਿਆ ਗਿਆ। ਗੁਰਚਰਨ ਰੁਪਾਣਾ ਦੀ ਇਸ ਪੁਸਤਕ ਨੂੰ ਸਰੋਤਿਆਂ ਦੀ ਭਰਵੀਂ ਹਾਜਰੀ ਵਿੱਚ ਰਿਲੀਜ਼ ਕਰਨ ਦੇ ਨਾਲ ਹੀ ਗੁਰਚਰਨ ਰੁਪਾਣਾ ਨੂੰ ਸਨਮਾਨਿਤ ਕਰਨ ਦੀ ਖੁਸ਼ੀ ਵੀ ਹਾਸਿਲ ਕੀਤੀ।

ਸਥਾਨਕ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਵੱਲੋਂ ਸਮੂਹਿਕ ਤੌਰ ਤੇ ਬਹੁਤ ਹੀ ਖ਼ੂਬਸੂਰਤ ਸ਼ਾਇਰੀ ਦੇ ਰਚੇਤਾ ਸ਼ਮੀ ਜਲੰਧਰੀ ਦੀ ਪੁਸਤਕ 'ਪਹਿਲੀ ਬਾਰਸ਼ ਸ਼ਹਿਰ' ਨੂੰ ਰਿਲੀਜ਼ ਕੀਤਾ ਗਿਆ ਅਤੇ ਸਾਹਿਤ ਸੁਮੇਲ ਵੱਲੋਂ ਵੀ ਇਸ ਸਮਾਗਮ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਈ ਗਈ।

ਸੋ ਇਹਨਾਂ ਸੰਖੇਪ ਵੇਰਵਿਆਂ ਰਾਹੀਂ ਸਾਹਿਤ ਸੁਮੇਲ ਦੀ ਪਿਛਲੇ ਤਿੰਨ ਸਾਲਾਂ ਦੀ ਘੱਟ ਪਰ ਖ਼ੂਬਸੂਰਤ ਮਿਸਾਲ ਵੇਖੀ ਜਾ ਸਕਦੀ ਹੈ।ਘੱਟ ਤਾਂ ਕਿਉਂਕਿ ਇਹਨਾਂ ਹੀ ਸਾਲਾਂ ਨੂੰ ਕਰੋਨਾ ਮਹਾਂਮਾਰੀ ਨੇ ਹਰ ਖੇਤਰ ਵਿੱਚ ਆਪਣੇ ਬੁਰੇ ਪ੍ਰਭਾਵਾਂ ਦਾ ਅਸਰ ਛੱਡਿਆ ਹੈ। ਸਾਹਿਤ ਸੁਮੇਲ ਇਸੇ ਲਗਨ ਨਾਲ ਆਪਣੇ ਉਦੇਸ਼ਾਂ ਨੂੰ ਪੂਰਦਿਆਂ ਪੰਜਾਬੀ ਸਾਹਿਤ ਸੱਭਿਆਚਾਰ ਤੇ ਮਾਂ ਬੋਲੀ ਦੀ ਸੇਵਾ ਵਿੱਚ ਆਪਣਾ ਬਣਦਾ ਹਿੱਸਾ ਪਾਉਂਦਾ ਰਹੇਗਾ।

**ਸੁਰਿੰਦਰ ਸਿਦਕ**
**ਐਡੀਲੇਡ, ਆਸਟਰੇਲੀਆ**

# ਪੰਜਾਬੀ ਸੱਥ ਮੈਲਬਰਨ , ਆਸਟਰੇਲੀਆ

'ਪੰਜਾਬੀ ਸੱਥ ਮੈਲਬਰਨ, ਆਸਟਰੇਲੀਆ,' ਵਿਸ਼ਵ ਪੰਜਾਬੀ ਸੱਥ (ਪੰਜਾਬੀ ਸੱਥ ਲਾਂਬੜਾ) ਦੀ ਇੱਕ ਇਕਾਈ ਹੈ। ਪੰਜਾਬੀ ਸੱਥ ਲਾਂਬੜਾ ਦੀ ਨੀਂਹ ਡਾਕਟਰ ਨਿਰਮਲ ਸਿੰਘ ਵੱਲੋਂ 1990 ਵਿੱਚ ਰੱਖੀ ਗਈ ਤੇ ਫਿਰ ਸਰਦਾਰ ਮੋਤਾ ਸਿੰਘ ਸਰਾਏ 1991 ਵਿੱਚ ਪੰਜਾਬੀ ਸੱਥ ਦੀ ਸੇਵਾ ਲਈ ਜੁੜ ਗਏ ਤੇ ਉਹਨਾਂ ਦੁਆਰਾ ਇੰਗਲੈਂਡ ਅਤੇ ਬਾਕੀ ਯੂਰੋਪ ਵਿੱਚ , 'ਯੂਰੋਪੀਅਨ ਪੰਜਾਬੀ ਸੱਥ' ਦਾ ਆਗਾਜ਼ ਕੀਤਾ ਗਿਆ 'ਪੰਜਾਬੀ ਸੱਥ ਲਾਂਬੜਾ' ਦਾ ਪਹਿਲਾ ਪ੍ਰੋਗਰਾਮ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿੱਚ ਕਰਵਾਇਆ ਗਿਆ ਜਿਸ ਵਿੱਚ ਪੰਜਾਬੀ ਦੇ ਪ੍ਰਸਿੱਧ ਲੇਖਕ 'ਜਸਵੰਤ ਸਿੰਘ ਕੰਵਲ' ਤੇ 'ਸਰਦਾਰਾ ਸਿੰਘ ਜੌਹਲ' ਵਰਗੀਆਂ ਹਸਤੀਆਂ ਨੇ ਸ਼ਿਰਕਤ ਕੀਤੀ।

**ਸਾਹਿਤ ਸਭਾ ਦੀ ਸਥਾਪਨਾ:** ਪੰਜਾਬੀ ਸੱਥ ਮੈਲਬਰਨ ਵਿਕਟੋਰੀਆ, ਆਸਟਰੇਲੀਆ ਦੀ ਨੀਂਹ 20 ਜਨਵਰੀ, 2019 ਨੂੰ ਗਿਆਨੀ ਸੰਤੋਖ ਸਿੰਘ ਜੀ ਦੁਆਰਾ 'ਗੁਰੂਦਵਾਰਾ ਸ੍ਰੀ ਗੁਰੂ ਗਰੰਥ ਸਾਹਿਬ ਕੀਸਬੋਰੋ ਵਿਕਟੋਰੀਆ ਆਸਟਰੇਲੀਆ' ਵਿਖੇ ਰੱਖੀ ਗਈ। ਪੰਜਾਬੀ ਸੱਥ ਮੈਲਬਰਨ ਦੀ ਸੰਚਾਲਨਾ ਦੀ ਸੇਵਾ ਪੰਜਾਬੀ ਲੇਖਿਕਾ ਕੁਲਜੀਤ ਕੌਰ ਗ਼ਜ਼ਲ ਦੁਆਰਾ ਨਿਭਾਈ ਜਾ ਰਹੀ ਹੈ। ਲੇਖਿਕਾ 'ਮਧੂ ਸ਼ਰਮਾ ਸੱਥ ਦੇ ਹੋਰ ਮਹੱਤਵਪੂਰਨ ਕੰਮਾਂ ਦੇ ਨਾਲ ਨਾਲ ਸਟੇਜ ਸਕੱਤਰ ਦੀ ਸੇਵਾ ਸੰਭਾਲ ਰਹੀ ਹੈ, ਸੱਥ ਦੇ ਪ੍ਰੋਗਰਾਮਾਂ ਦੀ ਰਿਕਾਰਡਿੰਗ ਅਤੇ ਆਵਾਜ਼ ਸਿਸਟਮ ਦੀ ਜ਼ਿੰਮੇਦਾਰੀ ਹਰਪ੍ਰੀਤ ਸਿੰਘ ਬੱਬਰ ਦੁਆਰਾ ਸੰਭਾਲੀ ਜਾਂਦੀ ਹੈ, ਇਹਨਾਂ ਤੋਂ ਇਲਾਵਾ ਸਾਰੇ ਸੇਵਾਦਾਰਾਂ ਦੇ ਪਰਿਵਾਰ ਵੀ ਆਪੋ ਆਪਣੀ ਭੂਮਿਕਾ ਨਿਭਾਉਂਦੇ ਹਨ। ਪੰਜਾਬੀ ਸੱਥ ਮੈਲਬਰਨ ਵੱਲੋਂ ਸਮੇਂ ਸਮੇਂ ਤੇ ਸਾਹਤਿਕ ਪ੍ਰੋਗਰਾਮ ਕਰਵਾਏ ਜਾਂਦੇ ਤੇ ਪ੍ਰੋਗਰਾਮ ਦੀ ਅਗੇਤੀ ਜਾਣਕਾਰੀ ਫੇਸਬੁੱਕ ਤੇ ਬਾਕੀ ਸਾਰੇ ਗਰੁੱਪਾਂ ਵਿੱਚ ਦੇ ਦਿੱਤੀ ਜਾਂਦੀ ਹੈ। ਪੰਜਾਬੀ ਸੱਥ ਮੈਲਬਰਨ, ਆਸਟਰੇਲੀਆ ਦੀ ਇੱਕ ਨੌਨ-ਪ੍ਰੋਫਿਟ (ਬਿਨਾ ਮੁਨਾਫ਼ੇ ਵਾਲੀ) ਸੰਸਥਾ ਹੈ, ਕਿਸੇ ਵੀ ਮਹਿਮਾਨ ਨੂੰ ਕੋਈ ਰਾਸ਼ੀ ਨਹੀਂ ਦਿੱਤੀ ਜਾਂਦੀ।

**ਉਦੇਸ਼:** ਪੰਜਾਬੀ ਸੱਥ ਮੈਲਬਰਨ ਦਾ ਉਦੇਸ਼: ਧਰਮਾਂ, ਨਸਲਾਂ, ਰੰਗਾਂ, ਕਬੀਲਿਆਂ, ਜਾਤਾਂ ਪਾਤਾਂ ਅਤੇ ਔਰਤ ਮਰਦ ਵਿਚਲੀ ਨਾ-ਬਰਾਬਰਤਾ ਤੋਂ ਉੱਪਰ ਉੱਠ ਕੇ ਆਪਣੇ ਭਾਈਚਾਰੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਸੇਵਾ ਕਰਨਾ ਤੇ ਮਨੁੱਖੀ ਸਾਂਝੀਵਾਲਤਾ ਨੂੰ ਕਾਇਮ ਰੱਖਣਾ ਹੈ।

## ਪੰਜਾਬੀ ਸੱਥ ਮੈਲਬੌਰਨ, ਆਸਟਰੇਲੀਆ

**ਹੁਣ ਤੱਕ ਦੀਆਂ ਸਰਗਰਮੀਆਂ**

- 19 ਅਪ੍ਰੈਲ, 2019 ਪੰਜਾਬੀ ਸੱਥ ਮੈਲਬਰਨ ਵੱਲੋਂ ਪਹਿਲਾ ਪ੍ਰੋਗਰਾਮ-ਔਜ਼ੀ-ਕੀਵੀ ਕਵੀ ਦਰਬਾਰ (ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਕਵੀਆਂ ਦਾ ਸਾਂਝਾ ਕਵੀ ਸੰਮੇਲਨ)।
- 26 ਮਈ, 2019 ਪੰਜਾਬੀ ਸੱਥ ਮੈਲਬਰਨ ਦੀ ਇੱਕ ਸ਼ਾਮ-ਪ੍ਰੋਫੈਸਰ ਮੁਹਿੰਦਰ ਸਿੰਘ ਬਨਵੈਤ ਦੇ ਨਾਮ।
- 16 ਜੂਨ, 2019: ਪੰਜਾਬੀ ਸੱਥ ਮੈਲਬਰਨ ਆਸਟਰੇਲੀਆ ਦੀ ਸ਼ਾਮ- ਰੰਜੀਵਨ ਸਿੰਘ ਜੀ ਤੇ ਚੰਨ ਅਮਰੀਕ ਜੀ ਦੇ ਨਾਮ।
- 14 ਜੁਲਾਈ, 2019 ਪੰਜਾਬੀ ਸੱਥ ਮੈਲਬਰਨ ਆਸਟਰੇਲੀਆ ਦੀ ਸ਼ਾਮ-ਰਣਜੀਤ ਫਰਵਾਲੀ ਤੇ ਜਗਦੀਪ ਜੋਗਾ ਜੀ ਦੇ ਨਾਮ।
- 4 ਅਗਸਤ, 2019 ਪੰਜਾਬੀ ਸੱਥ ਮੈਲਬਰਨ ਅਤੇ ਊਰਜਾ ਫਾਊਂਡੇਸ਼ਨ ਦਾ ਸਾਂਝਾ ਸਾਹਿਤਕ ਪ੍ਰੋਗਰਾਮ।
- 11 ਅਗਸਤ, 2019 ਪੰਜਾਬੀ ਸੱਥ ਮੈਲਬਰਨ, ਆਸਟਰੇਲੀਆ ਅਤੇ ਐੱਚ. ਐਮ. ਡੀਜ਼ਾਈਨਰ ਮੈਲਬਰਨ ਵੱਲੋਂ ਸੁੱਚਾ ਸਿੰਘ ਰੰਧਾਵਾ ਦੀ ਕਿਤਾਬ 'ਇੰਝ ਲੱਗਦੈ' ਲੋਕ ਅਰਪਣ।
- 1 ਸਤੰਬਰ, 2019; ਸਾਂਝਾ ਕਵੀ ਦਰਬਾਰ- ਪੰਜਾਬੀ ਸੱਥ ਮੈਲਬਰਨ ਅਤੇ ਪੰਜਾਬੀ ਸਵੈਗ ਜੀਲੌਂਗ।
- 15 ਸਤੰਬਰ, 2019 ਪੰਜਾਬੀ ਸੱਥ ਮੈਲਬਰਨ, ਆਸਟਰੇਲੀਆ ਵੱਲੋਂ ਲੇਖਕ ਭਜਨ ਸਿੰਘ ਵਿਰਕ, ਭੁਪਿੰਦਰ ਪੰਨੀਵਾਲੀਆ ਅਤੇ ਹਰਪਾਲ ਸਿੰਘ ਨਾਗਰਾ ਨਾਲ ਮਨਾਈ ਗਈ ਇੱਕ ਸਾਹਿਤਕ ਸ਼ਾਮ।
- 13 ਅਕਤੂਬਰ, 2019 ਪੰਜਾਬੀ ਸੱਥ ਮੈਲਬਰਨ, ਆਸਟਰੇਲੀਆ ਦੀ ਸ਼ਾਮ-ਸੁਖਵਿੰਦਰ ਅੰਮ੍ਰਿਤ ਦੇ ਨਾਮ।
- 24 ਨਵੰਬਰ, 2019 ਪੰਜਾਬੀ ਸੱਥ ਮੈਲਬਰਨ ਵੱਲੋਂ ਗੁਰੂ ਨਾਨਕ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰੂਦਵਾਰਾ ਨਾਨਕਸਰ ਠਾਠ ਮੈਲਬਰਨ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ।
- 8 ਦਸੰਬਰ, 2019 ਪੰਜਾਬੀ ਸੱਥ ਮੈਲਬਰਨ ਦੀ ਸ਼ਾਮ, ਜੱਗੀ ਜੌਹਲ ਦੇ ਨਾਮ।

ਜਨਵਰੀ 2020 ਤੋਂ ਬਾਅਦ ਸਿਰਫ ਆਨਲਾਈਨ ਪ੍ਰੋਗਰਾਮ ਹੀ ਹੋ ਸਕੇ ਹਨ ਜਿਹਨਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਹਨਾਂ ਪ੍ਰੋਗਰਾਮਾਂ ਵਿੱਚ ਪ੍ਰੋਗਰਾਮ 'ਪੰਜਾਬੀ ਮਾਂ ਦੇ ਜਾਏ, ਮੋਤਾ ਸਿੰਘ ਸਰਾਏ', ਸੱਭਿਆਚਾਰ ਦੇ ਵਿਹੜੇ ਵਿੱਚ, ਕਿਤਾਬ-ਏ-ਜ਼ਿੰਦਗੀ, ਅੰਤਰਰਾਸ਼ਟਰੀ ਕਵੀ ਦਰਬਾਰ, ਮਸ਼ਹੂਰ ਚਿਹਰਿਆਂ ਨਾਲ ਗੱਲਬਾਤ ਆਦਿ ਪ੍ਰੋਗਰਾਮ

ਕਰਵਾਏ ਜਾਂਦੇ ਹਨ, ਜਿਸ ਨਾਲ ਬਾਹਰ ਰਹਿੰਦੇ ਪੰਜਾਬੀਆਂ ਅਤੇ ਭਾਰਤ ਵਿੱਚ ਰਹਿੰਦੇ ਪੰਜਾਬੀਆਂ ਵਿੱਚ ਹੋਰ ਵੀ ਨੇੜਤਾ ਹੋਈ ਹੈ।

**ਅਹੁਦੇਦਾਰ:** ਕੁਲਜੀਤ ਕੌਰ ਗ਼ਜ਼ਲ (ਜਨਰਲ ਸਕੱਤਰ, ਡਾਇਰੈਕਟਰ), ਮਧੂ ਤਨਹਾ (ਪ੍ਰਧਾਨ), ਜੈਸਮੀਨ ਕੌਰ ਪੰਨੂ ਸਿਡਨੀ (ਮੀਤ ਪ੍ਰਧਾਨ), ਜਸਬੀਰ ਕੌਰ ਇਨਾਇਤ (ਵਿੱਤੀ ਸਕੱਤਰ), ਲਵਪ੍ਰੀਤ ਕੌਰ ( ਲਾਹਕਾਰੇ ਪ੍ਰੋਗਰਾਮ ਪ੍ਰਬੰਧਕ)

**ਸਭਾ ਨਾਲ ਜੁੜੇ ਹੋਏ ਲੇਖਕ:** ਸਤਿੰਦਰ ਕੌਰ ਕਾਹਲੋਂ, ਰਾਜਨਦੀਪ ਕੌਰ ਮਾਨ, ਗੁਰਜੀਤ ਅਜਨਾਲਾ, ਅਮਨਬੀਰ ਸਿੰਘ ਧਾਮੀ, ਦਵਿੰਦਰ ਖੁਸ਼ ਧਾਲੀਵਾਲ, ਰਣਜੀਤ ਸਿੰਘ ਮੈਲਬਰਨ, ਮੀਨਾ ਮਹਿਰੋਕ, ਬੂਟਾ ਸਿੰਘ ਭੰਦੋਹਲ, ਗੁਰੀ ਆਦੀਵਾਲ

**ਮੈਂਬਰਾਂ ਦੀ ਜਾਣਕਾਰੀ**

ਸਤਿੰਦਰ ਕੌਰ ਕਾਹਲੋਂ (ਪ੍ਰੋਗਰਾਮ ਸੰਚਾਲਕ, ਭਾਰਤ)
ਰਾਜਨਦੀਪ ਕੌਰ ਮਾਨ (ਪ੍ਰੋਗਰਾਮ ਸੰਚਾਲਕ, ਭਾਰਤ)
ਗੁਰਜੀਤ ਅਜਨਾਲਾ (ਪ੍ਰੋਗਰਾਮ ਸੰਚਾਲਕ, ਭਾਰਤ)
ਅਮਨਬੀਰ ਸਿੰਘ ਧਾਮੀ (ਪ੍ਰੋਗਰਾਮ ਸੰਚਾਲਕ )
ਦਵਿੰਦਰ ਖੁਸ਼ ਧਾਲੀਵਾਲ (ਪ੍ਰੋਗਰਾਮ ਸੰਚਾਲਕ, ਭਾਰਤ)
ਰਣਜੀਤ ਸਿੰਘ ਮੈਲਬਰਨ (ਪ੍ਰੋਗਰਾਮ ਸੰਚਾਲਕ, ਆਸਟਰੇਲੀਆ )
ਮੀਨਾ ਮਹਿਰੋਕ (ਪ੍ਰੋਗਰਾਮ ਸੰਚਾਲਕ, ਭਾਰਤ)
ਡਾ. ਸੁਰਜੀਤ ਭਦੌੜ (ਤਕਨੀਕੀ ਸਲਾਹਕਾਰ, ਭਾਰਤ)
ਰੇਸ਼ਮ ਸਿੰਘ ਰੱਲਾ (ਪ੍ਰੋਗਰਾਮ ਡਿਜ਼ਾਈਨਰ)
ਰਵਿੰਦਰਪਾਲ ਸਿੰਘ ਬਰਾੜ (ਪ੍ਰੋਗਰਾਮ ਸੰਚਾਲਕ, ਆਸਟਰੇਲੀਆ)
ਸਾਹਿਬ ਸਿੰਘ ਪੰਨੂੰ (ਤਕਨੀਕੀ ਸਲਾਹਕਾਰ, ਸਿਡਨੀ)
ਬੂਟਾ ਸਿੰਘ ਭੰਦੋਹਲ (ਪ੍ਰੋਗਰਾਮ ਸੰਚਾਲਕ, ਭਾਰਤ)
ਗੁਰੀ ਆਦੀਵਾਲ (ਪ੍ਰੋਗਰਾਮ ਡਿਜ਼ਾਈਨਰ, ਮੰਚ ਸੰਚਾਲਕ)
ਗੁਰਿੰਦਰ ਸਿੰਘ ਕਲਸੀ (ਪ੍ਰੋਗਰਾਮ ਡਿਜ਼ਾਈਨਰ)
ਲਖਵੀਰ ਸਾਜਨ ((ਪ੍ਰੋਗਰਾਮ ਪੋਸਟਰ ਡਿਜ਼ਾਈਨਰ)
ਹਸ਼ਮਿੱਤ ਸ਼ਰਮਾ (ਪੋਸਟਰ ਡਿਜ਼ਾਈਨਰ, ਮੈਲਬਰਨ)

**ਪੰਜਾਬੀ ਸੱਥ ਮੈਲਬਰਨ, ਵਿਕਟੋਰੀਆ , ਆਸਟਰੇਲੀਆ**

**Registration NumberL A0105820A**
**Australian business number (ABN) 44 609 218 146**
**punjabisath2019@gmail.com**
**+61 480 125 121, +61 466 060 590**

# ਪੰਜਾਬੀ ਸੱਥ ਪਰਥ ਐਸੋਸੀਏਸ਼ਨ

ਪੰਜਾਬੀ ਸੱਥ ਪਰਥ ਦੀ ਸਥਾਪਨਾ ਅਗਸਤ 2012 ਵਿੱਚ ਹੋਈ। ਜਦੋਂ ਗਿਆਨੀ ਸੰਤੋਖ ਸਿੰਘ ਸਿਡਨੀ ਤੋਂ ਪਰਥ ਵਿੱਚ ਆਏ ਹੋਏ ਸਨ। ਗਿਆਨੀ ਸੰਤੋਖ ਸਿੰਘ ਨੂੰ ਪੰਜਾਬੀ ਸੱਥ ਲਾਂਬੜਾ ਵੱਲੋਂ ਆਸਟਰੇਲੀਆ ਵਿੱਚ ਪੰਜਾਬੀ ਸੱਥਾਂ ਦੀਆਂ ਇਕਾਈਆਂ ਸਥਾਪਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਜਿਸ ਤਹਿਤ ਗਿਆਨੀ ਜੀ ਨੇ ਪਰਥ ਵਿੱਚ ਵੀ ਪੰਜਾਬੀ ਸੱਥ ਦੀ ਇਕਾਈ ਸਥਾਪਤ ਕਰਨ ਹਿੱਤ ਪਰਥ ਦੀ ਵਸਨੀਕ ਸਾਹਿਤਕ ਅਤੇ ਸਤਿਕਾਰਤ ਹਸਤੀ ਬੀਬੀ ਸੁਖਵੰਤ ਕੌਰ ਪੰਨੂੰ ਦੀ ਸਰਪ੍ਰਸਤੀ ਵਿੱਚ ਪੰਜਾਬੀ ਸੱਥ ਦੀ ਪਹਿਲੀ ਇਕੱਤਰਤਾ ਕਰਵਾਈ। ਜਿਸ ਵਿੱਚ ਸੰਚਾਲਕ ਦੇ ਤੌਰ ਤੇ ਹਰਲਾਲ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਗਈ। ਪੰਜਾਬੀ ਸੱਥਾਂ ਸੰਸਾਰ ਭਰ ਵਿੱਚ ਪੰਜਾਬੀ ਲਈ ਕੀਤੇ ਗਏ ਆਪਣੇ ਵਡਮੁੱਲੇ ਕਾਰਜਾਂ ਲਈ ਜਾਣੀਆਂ ਜਾਂਦੀਆਂ ਹਨ।

**ਉਦੇਸ਼:** ਪੰਜਾਬੀ ਸੱਥ ਪਰਥ ਦਾ ਉਦੇਸ਼ ਹੈ ਪੰਜਾਬੀ ਸੱਭਿਆਚਾਰ, ਵਿਰਾਸਤ, ਸਾਹਿਤ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਯਤਨ ਕਰਨੇ।

- ਇਸ ਉਦੇਸ਼ ਨੂੰ ਪੂਰਾ ਕਰਨ ਦੇ ਲਈ ਸੱਥ ਵੱਲੋਂ ਕੁਝ ਟੀਚੇ ਰੱਖੇ ਗਏ ਹਨ।ਜਿਵੇਂ ਕਿ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਅਤੇ ਪੰਜਾਬੀ ਵਿਰਾਸਤ ਨਾਲ ਜੋੜਨਾ।
- ਵਿਦੇਸ਼ਾਂ ਵਿੱਚ ਆਈ ਹੋਈ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਅਤੇ ਪੰਜਾਬੀ ਸੱਭਿਆਚਾਰ, ਵਿਰਾਸਤ ਅਤੇ ਮਾਂ ਬੋਲੀ ਦੀ ਸੇਵਾ-ਸੰਭਾਲ ਲਈ ਸੁਚੇਤ ਕਰਨਾ।
- ਬਜ਼ੁਰਗਾਂ ਦੀ ਰਹਿਨੁਮਾਈ ਹੇਠ ਭਾਈਚਾਰਕ ਸਾਂਝਾਂ ਅਤੇ ਪਰਿਵਾਰਕ ਸਾਂਝਾਂ ਨੂੰ ਮਜ਼ਬੂਤ ਕਰਨਾ।

**ਸਰਗਰਮੀਆਂ:** ਪੰਜਾਬੀ ਸੱਥ ਪਰਥ ਦੀ ਸਥਾਪਨਾ ਸਮੇਂ ਸੱਥ ਵੱਲੋਂ ਮਹੀਨੇਵਾਰ ਸਾਹਿਤਕ ਸੱਥ ਦੀ ਇਕੱਤਰਤਾ ਰੱਖਣ ਦਾ ਫ਼ੈਸਲਾ ਕੀਤਾ ਗਿਆ। ਜੋ ਕਿ ਮਹੀਨੇ ਦੇ ਅਖੀਰਲੇ ਐਤਵਾਰ ਹੁੰਦੀ ਹੈ। ਇਸ ਸਾਹਿਤਕ ਸੱਥ ਵਿੱਚ ਪਰਥ ਦੇ ਉੱਭਰ ਰਹੇ ਕਵੀ ਲੇਖਕ ਅਤੇ ਸੂਝਵਾਨ ਸਰੋਤੇ ਸ਼ਾਮਿਲ ਹੁੰਦੇ ਸਨ। ਜਿਸ ਵਿੱਚ ਗੀਤ ਕਵਿਤਾਵਾਂ ਅਤੇ ਪੰਜਾਬੀ ਨਾਲ ਸਬੰਧਿਤ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।

## ਪੰਜਾਬੀ ਸੱਥ ਪਰਥ ਐਸੋਸੀਏਸ਼ਨ

28 ਸਤੰਬਰ 2013 ਨੂੰ ਪੰਜਾਬੀ ਸੱਥ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਰਾਸਤੀ ਮੇਲਾ 2013 ਕਰਵਾਇਆ ਗਿਆ।
ਜਿਸ ਵਿੱਚ ਲੋਕ ਗੀਤ, ਕਵੀਸ਼ਰੀ, ਕਵਿਤਾਵਾਂ, ਬਾਲ ਗੀਤ, ਨਾਟਕ, ਮਲਵਈ ਗਿੱਧਾ, ਭੰਗੜਾ, ਮੁਟਿਆਰਾਂ ਦਾ ਗਿੱਧਾ, ਵਿਚਾਰ ਚਰਚਾ, ਪੰਜਾਬੀ ਵਿਰਾਸਤੀ ਸਵਾਲ ਜਵਾਬ ਮੁਕਾਬਲਾ ਆਦਿ ਨਿਰੋਲ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ।
8 ਦਸੰਬਰ 2013 ਨੂੰ ਪੰਜਾਬ ਦੇ ਨਾਮਵਰ ਗੀਤਕਾਰ ਪ੍ਰਗਟ ਸਿੰਘ ਸਿੱਧੂ ਦੇ ਸਨਮਾਨ ਹਿੱਤ ਇੱਕ ਸਾਹਿਤਕ ਸ਼ਾਮ "ਪੰਜਾਂ ਪਾਣੀਆਂ ਦਾ ਨੂਰ" ਕਰਵਾਈ ਗਈ। ਜਿਸ ਵਿੱਚ ਪੰਜਾਬੀ ਕਵੀਆਂ ਵੱਲੋਂ ਗੀਤ, ਕਵਿਤਾਵਾਂ ਅਤੇ ਹੋਰ ਸਾਹਿਤਕ ਰਚਨਾਵਾਂ ਨੂੰ ਪੇਸ਼ ਕੀਤਾ ਗਿਆ।



ਪੰਜਾਬੀ ਭਾਸ਼ਾ ਦੇ ਇਮਤਿਹਾਨ ਦੇ ਜੇਤੂ ਵਿਦਿਆਰਥੀ

ਦਸੰਬਰ 2013 ਨੂੰ ਲਘੂ ਫ਼ਿਲਮ "ਸੁੱਤਾ ਨਾਗ" ਦੀ ਸਕਰੀਨਿੰਗ ਪਹਿਲੀ ਵਾਰ ਪਰਥ ਵਿੱਚ ਕਰਵਾਈ ਗਈ। ਜਿਸ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।
ਅਪ੍ਰੈਲ 2014 ਵਿੱਚ 27ਵੀਆਂ ਆਸਟਰੇਲੀਅਨ ਸਿੱਖ ਖੇਡਾਂ ਪਰਥ ਦੌਰਾਨ ਪੰਜਾਬੀ ਸੱਥ ਪਰਥ ਵੱਲੋਂ ਤਿੰਨ ਰੋਜ਼ਾ ਪੁਸਤਕ ਮੇਲਾ ਲਗਾਇਆ ਗਿਆ। ਜੋ ਕਿ ਆਸਟਰੇਲੀਅਨ ਸਿੱਖ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਵੇਖਣ ਨੂੰ ਮਿਲਿਆ। ਪੁਸਤਕ ਮੇਲੇ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਛੂੰਹਦੀਆਂ ਸਮਾਜਿਕ ਕਹਾਣੀਆਂ, ਨਾਵਲ, ਧਾਰਮਿਕ, ਲੋਕ ਸਾਹਿਤ ਚਿੰਤਨ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ ਨੂੰ ਪਾਠਕਾਂ ਤੱਕ ਪਹੁੰਚਾਇਆ ਗਿਆ। ਪੁਸਤਕ ਮੇਲੇ ਦੇ ਦੂਜੇ ਦਿਨ "ਕੈਂਗਰੂਨਾਮਾ" ਅਤੇ "ਸਿੱਧਰੇ ਲੇਖ" ਪੁਸਤਕਾਂ ਨੂੰ ਵੀ ਲੋਕ ਅਰਪਿਤ ਕੀਤਾ ਗਿਆ। ਸਿੱਖ ਖੇਡਾਂ ਦੌਰਾਨ

## ਪੰਜਾਬੀ ਸੱਥ ਪਰਥ ਐਸੋਸੀਏਸ਼ਨ

ਪੰਜਾਬ ਅਤੇ ਆਸਟਰੇਲੀਆ ਤੋਂ ਪਹੁੰਚੀਆਂ ਨਾਮਵਰ ਪੰਜਾਬੀ ਸਾਹਿਤਕ ਸ਼ਖ਼ਸੀਅਤਾਂ ਨੂੰ ਪੰਜਾਬੀ ਸੱਥ ਪਰਥ ਵੱਲੋਂ ਸਨਮਾਨਿਤ ਕੀਤਾ ਗਿਆ।

2014 ਤੋ ਲੈ ਕੇ ਹੁਣ ਤੱਕ ਪੰਜਾਬੀ ਸੱਥ ਪਰਥ ਵੱਲੋਂ ਪਰਥ ਦੇ ਦੋਨੋਂ ਗੁਰੂ ਘਰਾਂ ਅਤੇ ਸੱਭਿਆਚਾਰਕ ਇਕੱਠਾਂ ਦੌਰਾਨ ਹਰ ਸਾਲ ਤਕਰੀਬਨ ਪੰਜ ਤੋਂ ਛੇ ਵਾਰ ਪੁਸਤਕ ਪ੍ਰਦਰਸ਼ਨੀ ਲਗਾਈ ਜਾਂਦੀ ਹੈ।ਇਸ ਪੁਸਤਕ ਪ੍ਰਦਰਸ਼ਨੀ ਦੌਰਾਨ ਹਰ ਤਰ੍ਹਾਂ ਦੀਆਂ ਪੰਜਾਬੀ ਸਾਹਿਤਕ, ਬੌਧਿਕ, ਧਾਰਮਿਕ, ਬਾਲ ਸਾਹਿਤ ਪੁਸਤਕਾਂ, ਬੱਚਿਆਂ ਲਈ ਪੰਜਾਬੀ ਸਿੱਖਣ ਦੇ ਕਾਇਦੇ ਅਤੇ ਅਭਿਆਸ ਕਿਤਾਬਾਂ ਸਰੋਤਿਆਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਬੱਚਿਆਂ ਨੂੰ ਪੰਜਾਬੀ ਸਿੱਖਣ ਪ੍ਰਤੀ ਉਤਸ਼ਾਹਤ ਕਰਨ ਲਈ ਪੰਜਾਬੀ ਗੁਰਮੁੱਖੀ ਲਿੱਪੀ ਦੇ ਚਾਰਟ ਵੀ ਮੁਫ਼ਤ ਵੰਡੇ ਜਾਂਦੇ ਹਨ।

ਅਗਸਤ 2014 ਨੂੰ ਪੰਜਾਬੀ ਸੱਥ ਪਰਥ ਵੱਲੋਂ ਇੱਕ ਸਾਹਿਤਕ ਸ਼ਾਮ "ਕਾਵਿ ਕਰੂੰਬਲਾਂ" ਕਰਵਾਈ ਗਈ ਜਿਸ ਵਿੱਚ ਪ੍ਰਵਾਸੀ ਸਾਹਿਤਕਾਰ ਜਸਬੀਰ ਸਿੰਘ ਧੀਮਾਨ ਨੂੰ ਪੰਜਾਬੀ ਸੱਥ ਪਰਥ ਵੱਲੋਂ ਸਨਮਾਨਿਤ ਕੀਤਾ ਗਿਆ।

ਫਰਵਰੀ 2015 ਵਿੱਚ ਡਾਕਟਰ ਮੁਹੰਮਦ ਇਦਰੀਸ ਨੂੰ ਪੰਜਾਬੀ ਸੱਥ ਪਰਥ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਲੇਖਕ ਹਰਮੰਦਰ ਕੰਗ ਦੀ ਕਿਤਾਬ



**ਪੰਜਾਬੀ ਸੱਥ ਪਰਥ ਵੱਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ**

"ਵੱਖਰੀ ਮਿੱਟੀ ਅਤੇ ਵੱਖਰੇ ਰੰਗ" ਨੂੰ ਲੋਕ ਅਰਪਣ ਕੀਤਾ।

ਮਈ 2015 ਵਿੱਚ ਬੱਚਿਆਂ ਨੂੰ ਪੰਜਾਬੀ ਸਿੱਖਣ ਪ੍ਰਤੀ ਉਤਸ਼ਾਹਤ ਕਰਨ ਲਈ ਪ੍ਰੋਗਰਾਮ "ਪੰਜਾਬੀ ਇਮਤਿਹਾਨ 2015" ਉਲੀਕਿਆ ਗਿਆ। ਪੰਜਾਬੀ ਇਮਤਿਹਾਨ ਦੇ ਲਗਾਤਾਰ ਦੋ ਸਮਾਗਮ ਗੁਰਦੁਆਰਾ ਸਾਹਿਬ ਕੈਨਿੰਗਵੇਲ ਅਤੇ ਗੁਰਦੁਆਰਾ ਸਾਹਿਬ ਬੈਨਿਟ ਸਪ੍ਰਿੰਗ ਵਿਖੇ ਕਰਵਾਏ ਗਏ। ਇਸ ਦੌਰਾਨ ਬੱਚਿਆਂ ਵੱਲੋਂ ਪੰਜਾਬੀ ਬੋਲੀ

ਲਿਖਣ ਪੜ੍ਹਨ ਅਤੇ ਬੋਲਣ ਦੀ ਮੁਹਾਰਤ ਦਿਖਾਈ ਗਈ। ਬੱਚਿਆਂ ਦੀ ਹੌਂਸਲਾ ਅਫਜ਼ਾਈ ਲਈ ਢੁਕਵੇਂ ਇਨਾਮ ਅਤੇ ਮੈਡਲ ਦਿੱਤੇ ਗਏ।

ਜੁਲਾਈ 2016 ਵਿੱਚ ਸੱਥ ਵੱਲੋਂ "ਵਿਰਾਸਤੀ ਮੇਲਾ 2016" ਕਰਵਾਇਆ ਗਿਆ। ਜਿਸ ਵਿੱਚ ਆਸਟਰੇਲੀਆ ਪੱਧਰ 'ਤੇ ਪਹਿਲੀ ਵਾਰ ਛੋਟੀਆਂ ਬੱਚੀਆਂ ਦਾ ਗਿੱਧਾ, ਕਵੀਸ਼ਰੀ, ਲੋਕ ਗੀਤ, ਗਿੱਧਾ, ਭੰਗੜਾ, ਪੰਜਾਬੀ ਵਿਰਾਸਤੀ ਸਵਾਲ ਜਵਾਬ, ਵਿਰਾਸਤੀ ਪਹਿਰਾਵਾ ਮੁਕਾਬਲਾ, ਮਲਵਈ ਗਿੱਧਾ, ਨਾਟਕ ਆਦਿ ਨਿਰੋਲ ਪੰਜਾਬੀ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ।

ਅਗਸਤ 2016 ਵਿੱਚ ਪੰਜਾਬੀ ਦੇ ਸਿਰਮੌਰ ਕਵੀ ਡਾ. ਸੁਰਜੀਤ ਪਾਤਰ ਜੀ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਸੱਥ ਵੱਲੋਂ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਸਤੰਬਰ 2016 ਵਿੱਚ ਸਾਲਾਨਾ ਸਾਹਿਤਕ ਕਵੀ ਦਰਬਾਰ "ਕਾਵਿ ਕਰੂੰਬਲਾਂ 2" ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਲੇਖਕ ਸੁਲੱਖਣ ਸਰਹੱਦੀ ਜੀ ਨੂੰ ਸਨਮਾਨਿਤ ਕੀਤਾ ਗਿਆ।

ਅਕਤੂਬਰ 2016 ਵਿੱਚ ਪੰਜਾਬੀ ਸੱਥ ਵੱਲੋਂ "ਗੁਰਮਤਿ ਸਮਾਗਮ" ਕਰਵਾਇਆ ਗਿਆ। ਜਿਸ ਵਿੱਚ ਉੱਘੇ ਸਿੱਖ ਵਿਦਵਾਨ ਡਾ: ਕੁਲਵੰਤ ਕੌਰ ਨੇ "ਸਿੱਖੀ ਸਿਧਾਂਤਾਂ ਤੋਂ ਦੂਰ ਜਾ ਰਹੇ ਅਜੋਕੇ ਸਿੱਖ ਸਮਾਜ ਨੂੰ ਸਿੱਖੀ ਬਾਰੇ ਜਾਣੂ ਕਰਵਾਉਣ ਹਿੱਤ" ਵਿਸ਼ੇ ਤੇ ਸੰਗਤਾਂ ਦੇ ਨਾਲ ਵਿਚਾਰ ਸਾਂਝੇ ਕੀਤੇ।

ਅਕਤੂਬਰ 2017 ਵਿੱਚ ਪੰਜਾਬੀ ਸੱਥ ਪਰਥ ਅਤੇ ਟਰਬਨ ਟਰੱਸਟ ਦੇ ਸਾਂਝੇ ਸਹਿਯੋਗ ਨਾਲ "ਸੈਵਾਨ ਦੀਵਾਲੀ ਮੇਲੇ" ਤੇ ਪੰਜਾਬੀ ਵਿਰਾਸਤ ਅਤੇ ਸੱਭਿਆਚਾਰ ਨੂੰ ਦਰਸਾਉਂਦੀ ਹੋਈ ਤਿੰਨ ਰੋਜ਼ਾ ਪ੍ਰਦਰਸ਼ਨੀ ਪਰਥ ਦੇ ਸੁਪਰੀਮ ਕੋਰਟ ਗਾਰਡਨ ਵਿੱਚ ਲਗਾਈ ਗਈ। ਜਿਸ ਵਿੱਚ ਪੇਂਡੂ ਪੰਜਾਬ ਦੀ ਜੀਵਨ ਜਾਚ ਨੂੰ ਦਰਸਾਉਂਦੀਆਂ ਹੋਈਆਂ ਪੰਜਾਬੀ ਵਿਰਾਸਤੀ ਵਸਤਾਂ ਜਿਵੇਂ ਕਿ ਮੰਜੇ, ਚਰਖੇ, ਪੰਘੂੜੇ, ਫੁਲਕਾਰੀਆਂ, ਲੋਕ ਸਾਜ਼, ਅਨਾਜ ਦੀ ਸੰਭਾਲ ਲਈ ਵਰਤੇ ਜਾਂਦੇ ਸੰਦ, ਪੰਜਾਬੀ ਸਮਾਜ ਨੂੰ ਦਰਸਾਉਂਦੀਆਂ ਤਸਵੀਰਾਂ, ਗਿੱਧਾ, ਭੰਗੜਾ, ਮਲਵਈ ਗਿੱਧਾ ਅਤੇ ਜਾਗੋ ਦੀ ਪਹਿਲੀ ਵਾਰ ਪਿੜ ਦੇ ਵਿੱਚ ਪੇਸ਼ਕਾਰੀ ਕੀਤੀ ਗਈ।

**ਹਰਲਾਲ ਸਿੰਘ**
**ਸੰਚਾਲਕ**
**ਪੰਜਾਬੀ ਸੱਥ ਪਰਥ ਐਸੋਸੀਏਸ਼ਨ**

# ਪੰਜਾਬੀ ਸਾਹਿਤ ਅਕਾਡਮੀ ਸਿਡਨੀ ਆਸਟਰੇਲੀਆ

ਪੰਜਾਬੀ ਸਾਹਿਤ ਅਕਾਦਮੀ ਸਿਡਨੀ ਆਸਟਰੇਲੀਆ ਜਿਸਦੇ ਫਾਊਂਡਰ ਪ੍ਰਧਾਨ ਡਾ. ਅਮਰਜੀਤ ਟਾਂਡਾ ਹਨ ਦੀ ਸਥਾਪਨਾ 1996 ਵਿੱਚ ਹੋਈ। ਇਹ ਪੰਜਾਬੀ ਸਾਹਿਤ ਦੇ ਵਿਕਾਸ ਲਈ ਸਰਗਰਮ ਕਾਰਜ ਕਰਨ ਵਾਲੀ ਸੰਸਥਾ ਹੈ। ਇਸ ਸੰਸਥਾ ਦਾ ਹੈੱਡ ਆਫ਼ਿਸ ਸਿਡਨੀ ਵਿੱਚ ਹੈ। ਆਸਟਰੇਲੀਆ ਦਾ ਸ਼ਹਿਰ ਸਿਡਨੀ ਬਹੁਤ ਸਾਰੇ ਸਭਿਆਚਾਰਾਂ ਅਤੇ ਭਾਸ਼ਾਵਾਂ ਦੇ ਇੱਕ ਵਿਸ਼ਵ-ਵਿਆਪੀ ਸ਼ਹਿਰ ਵਜੋਂ ਉੱਭਰਿਆ ਹੈ। ਸੰਸਥਾ ਦਾ ਇਹ ਯਤਨ ਰਿਹਾ ਹੈ ਕਿ ਵੱਖ ਵੱਖ ਭਾਸ਼ਾਵਾਂ ਦੇ ਵਿਕਾਸ ਅਤੇ ਪ੍ਰਸਾਰ ਲਈ ਅਤੇ ਸਿਡਨੀ ਦੇ ਸਾਂਝੇ ਸਭਿਆਚਾਰ ਦੀ ਪੇਸ਼ਕਾਰੀ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਮੁੱਹਈਆ ਕਰਵਾਈਆਂ ਜਾਣ। ਇਸ ਤਰ੍ਹਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਤੰਬਰ, 1998 ਵਿੱਚ ਪੰਜਾਬੀ ਅਕਾਦਮੀ ਦੀ ਸਥਾਪਨਾ ਕੀਤੀ। 1998 ਵਿੱਚ ਡਾ. ਅਮਰਜੀਤ ਟਾਂਡਾ  ਅਕਾਦਮੀ ਦੇ ਪ੍ਰਧਾਨ ਅਤੇ ਵਿਸ਼ਵ ਪੰਜਾਬੀ ਸਾਹਿਤ ਪੀਠ  ਦੇ ਡਾਇਰੈਕਟਰ ਨਿਯੁਕਤ ਹੋਏ। ਮੁੱਢ ਤੋਂ ਹੀ ਅਕਾਦਮੀ ਪੰਜਾਬੀ ਸਾਹਿਤ ਅਤੇ ਸਭਿਆਚਾਰਕ  ਗਤੀਵਿਧੀਆਂ ਦੇ ਪ੍ਰਸਾਰ,ਸੰਗੀਤ, ਸੈਮੀਨਾਰਾਂ, ਗੋਸ਼ਟੀਆਂ, ਕਹਾਣੀ, ਕਵਿਤਾ, ਨਾਵਲ, ਸਾਹਿਤਕ ਅਲੋਚਨਾ, ਨਾਟਕ ਆਦਿ ਦੇ ਖੇਤਰਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।






# ਆਸਟਰੇਲੀਆ ਦੇ ਪੰਜਾਬੀ ਲੇਖਕ

## ਗੁਰਬਚਨ ਸਿੰਘ ਜਗਪਾਲ



ਗੁਰਬਚਨ ਸਿੰਘ ਜਗਪਾਲ ਚਾਹੇ ਆਸਟਰੇਲੀਆ ਦੀ ਕਿਸੇ ਵੀ ਸੰਸਥਾ ਨਾਲ ਨਹੀਂ ਜੁੜੇ ਹੋਏ ਪਰ ਉਹ ਆਪਣੇ ਆਪ ਵਿੱਚ ਹੀ ਇੱਕ ਸੰਸਥਾ ਹਨ। ਮੁੱਢਲੀ ਸਿਖਿਆ ਪੰਜਾਬ (ਭਾਰਤ) ਦੇ ਪਿੰਡਾਂ ਦੇ ਸਕੂਲਾਂ ਵਿੱਚ ਪ੍ਰਾਪਤ ਕੀਤੀ। 1973 ਵਿੱਚ ਇੰਜਨੀਅਰਿੰਗ (ਬੀ.ਐਸ.ਈ. ਇੰਜਨੀਅਰਿੰਗ) ਅਤੇ ਬਿਜਨਿਸ (ਐਮ. ਬੀ. ਏ) ਦੀ ਵਿਦਿਆ ਪੂਰੀ ਕਰਕੇ ਉਹਨਾਂ ਭਾਰਤ ਦੇ ਵੱਖੋ ਵਖਰੇ ਸਰਕਾਰੀ ਅਦਾਰਿਆਂ ਵਿੱਚ ਤਕਨੀਕੀ ਤੇ ਪ੍ਰਬੰਧਕੀ ਆਹੁਦਿਆਂ ਉਪਰ ਕੰਮ ਕੀਤਾ। 1990-1991 ਵਿੱਚ ਆਸਟਰੇਲੀਆ ਆ ਕੇ ਵਸ ਗਏ। ਆਸਟਰੇਲੀਆ ਵਿੱਚ ਪ੍ਰੋਜੈਕਟ ਮੈਨਜਮੈਂਟ ਅਤੇ ਪ੍ਰੋਸੈਸ ਇੰਜਨੀਅਰਿੰਗ ਦੇ ਖੇਤਰ ਵਿੱਚ ਕਾਰਜਸ਼ੀਲ ਰਹੇ। 1997 ਵਿੱਚ ਹਿਲਜ਼ ਡਿਸਟ੍ਰਿਕਟ ਪੰਜਾਬੀ ਸੋਸਾਇਟੀ ਦੇ ਪੰਜਾਬੀ ਸਕੂਲ ਵਿੱਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ। ਇਹ ਸਕੂਲ ਸਿਡਨੀ ਦੇ ਸਭ ਤੋਂ ਪਹਿਲੇ ਸਕੂਲਾਂ ਵਿੱਚੋਂ ਇੱਕ ਹੈ। 1998 ਤੋਂ 2004 ਤਕ ਹਿਲਜ਼ ਡਿਸਟ੍ਰਿਕਟ ਪੰਜਾਬੀ ਸੋਸਾਇਟੀ ਦੇ ਐਜੂਕੇਸ਼ਨ ਕੋਔਰਡੀਨੇਟਰ ਦੇ ਤੌਰ ਤੇ ਵੀ ਕਾਰਜਸ਼ੀਲ ਰਹੇ।

2000-2001 ਵਿੱਚ ਨਿਉ ਸਾਊਥ ਵੇਲਜ਼, ਆਸਟਰੇਲੀਆ ਦੇ ਸਕੂਲਾਂ ਲਈ ਪੰਜਾਬੀ ਦੇ ਸਿਲੇਬਸ ਲਿਖਣ ਵਾਲੀ ਟੀਮ ਦੇ ਮੁੱਖ ਮੈਂਬਰ ਵਜੋਂ ਕੰਮ ਕੀਤਾ ਅਤੇ ਇਸ ਸਿਲੇਬਸ ਨੂੰ ਅਕਤੂਬਰ 2001 ਵਿੱਚ ਨਿਉ ਸਾਊਥ ਵੇਲਜ਼ ਡੀਪਾਰਟਮੈਂਟ ਆਫ ਐਜੂਕੇਸ਼ਨ ਐਂਡ ਟ੍ਰੇਨਿੰਗ (NSW Department of Education and Training) ਨੇ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ ਪੰਜਾਬੀ ਭਾਸ਼ਾ ਨਿਉ ਸਾਊਥ ਵੇਲਜ਼, ਆਸਟਰੇਲੀਆ ਦੇ ਸਕੂਲਾਂ ਵਿੱਚ ਲਾਗੂ ਹੋ ਗਈ।

2001 ਤੋਂ 2004 ਤਕ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਲਈ ਅਧਿਆਪਕਾਂ ਨੂੰ ਟ੍ਰੇਨਿੰਗ ਦਿਤੀ ਅਤੇ ਸੈਮੀਨਾਰ ਕੀਤੇ ਤਾਂ ਜੋ ਪੰਜਾਬੀ ਅਧਿਆਪਕਾਂ ਨੂੰ ਪੰਜਾਬੀ ਪੜ੍ਹਾਉਣ ਦੀ ਨਿਉ ਸਾਊਥ ਵੇਲਜ਼ ਡੀਪਾਰਟਮੈਂਟ ਆਫ ਐਜੂਕੇਸ਼ਨ ਐਂਡ ਟ੍ਰੇਨਿੰਗ ਵਲੋਂ ਮਾਨਤਾ ਪ੍ਰਾਪਤ ਹੋ ਸਕੇ। 2004 ਵਿੱਚ ਸਕੂਲਾਂ ਵਿੱਚ ਪੰਜਾਬੀ ਸਿਖਾਉਣ ਲਈ 'ਗਾਈਡਲਾਈਨਜ਼ ਫਾਰ ਟੀਚਿੰਗ ਪੰਜਾਬੀ ਲੈਂਗੁਏਜ' ਪੁਸਤਕ ਲਿਖੀ। 2004-05 ਵਿੱਚ ਪੰਜਾਬੀ ਸਕੂਲਾਂ ਲਈ ਪ੍ਰਾਇਮਰੀ ਸਟੇਜ਼ ਦੀਆਂ ਚਾਰ ਟੈਕਸਟ ਬੁਕਸ (ਕਿਤਾਬਾਂ) ਲਿਖੀਆਂ। ਇਨ੍ਹਾਂ ਦੀਆਂ 7 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਤਿੰਨ ਪੁਸਤਕਾਂ ਪ੍ਰਕਾਸ਼ਨਾ ਅਧੀਨ ਹਨ।

ਸਿਡਨੀ, ਆਸਟਰੇਲੀਆ
ਮੋਬਾਈਲ : +61419697212
urbachan.singhj@live.com

**ਡਾ. ਅਵਤਾਰ ਸਿੰਘ ਸੰਘਾ**



ਡਾ. ਅਵਤਾਰ ਸਿੰਘ ਸੰਘਾ ਆਸਟਰੇਲੀਆ ਵਿੱਚ ਵੱਸਦਾ ਪੰਜਾਬੀ ਕਹਾਣੀਕਾਰ ਹੈ ਜੋ ਪੰਜਾਬ ਰਹਿੰਦਿਆਂ ਗੜ੍ਹਸ਼ੰਕਰ ਕਾਲਜ ਵਿੱਚ ਲੰਮਾ ਸਮਾਂ ਅੰਗਰੇਜ਼ੀ ਦੇ ਅਧਿਆਪਕ ਵਜੋਂ ਕਾਰਜਸ਼ੀਲ ਰਿਹਾ। 2000 ਵਿੱਚ ਸਿਡਨੀ ਆ ਕੇ ਡਾ. ਸੰਘਾ ਨੇ 6 ਸਾਲ ਰੇਲਵੇ ਦੀ ਨੌਕਰੀ ਕੀਤੀ ਤੇ ਨਾਲ-ਨਾਲ ਗ੍ਰੈਜੂਏਟ ਡਿਪਲੋਮਾ ਇਨ ਐਜ਼ੂਕੇਸ਼ਨ ਕੀਤਾ ਫਿਰ 7 ਸਾਲ ਸਿਡਨੀ ਵਿੱਚ ਅਧਿਆਪਨ ਕਾਰਜ ਵੀ ਕੀਤਾ। ਇਸ ਦੇ ਨਾਲ-ਨਾਲ ਡਾ. ਸੰਘਾ ਦੀ ਵੱਖ ਵੱਖ ਭਾਸ਼ਾਵਾਂ ਦੇ ਸਾਹਿਤ ਵਿੱਚ ਵੀ ਰੁਚੀ ਬਣੀ ਰਹੀ। ਪਿਛਲੇ ਲੰਮੇ ਸਮੇਂ ਤੋਂ ਡਾ. ਅਵਤਾਰ ਸਿੰਘ ਸੰਘਾ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ **ਦਾ ਪੰਜਾਬ ਹੈਰਲਡ** ਪੰਜਾਬੀ ਰਸਾਲਾ ਸਾਨੂੰ ਜਿਥੇ ਪੰਜਾਬੀ ਸਾਹਿਤ ਨਾਲ ਜੋੜਦਾ ਹੈ ਉਥੇ ਪੰਜਾਬੀ ਭਾਸ਼ਾ ਦੀ ਚੜ੍ਹਦੀ ਕਲਾ ਦੀ ਤਰਜਮਾਨੀ ਵੀ ਕਰਦਾ ਹੈ। ਡਾ. ਸੰਘਾ ਦੀ ਪਹਿਲੀ ਕਿਤਾਬ **ਸਿਡਨੀ ਦੀਆਂ ਰੇਲ ਗੱਡੀਆਂ,** ਇਸ ਉਪਰੰਤ **ਦਿਲਹੁ ਮੁਹੱਬਤ ਜਿਨੁ**, **ਬਿਲੌਰੀ ਅੱਖਾਂ, ਘੋੜਾ ਡਾਕਟਰ, ਤੇ ਪ੍ਰੀਖਿਆ ਚੱਲਦੀ ਰਹੀ** ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਕਿਤਾਬਾਂ ਵਿੱਚ ਜਿੱਥੇ ਭਾਰਤ ਅਤੇ ਆਸਟਰੇਲੀਆ ਦੇ ਜੀਵਨ ਦੇ ਫ਼ਰਕ ਨੂੰ ਬਾਖ਼ੂਬੀ ਪੇਸ਼ ਕੀਤਾ ਉੱਥੇ ਹੀ ਪੰਜਾਬ ਦੇ ਜੂਨੀਅਰ ਡਾਕਟਰ ਅਧਿਆਪਕਾਂ ਦਾ ਆਸਟਰੇਲੀਆ ਵਿੱਚ ਟੈਕਸੀ ਚਲਾਉਣ ਅਤੇ ਹੋਰ ਕੰਮਾਂ ਤੇ ਜਾਣ ਦੀ ਸੱਚਾਈ ਨੂੰ ਬਿਆਨ ਕਰਦੀਆਂ ਹਨ। ਵਿਭਿੰਨ ਅਖ਼ਬਾਰਾਂ ਵਿੱਚ 40 ਲੇਖ ਛਪ ਚੁੱਕੇ ਹਨ ਇਹਨਾਂ ਤੋਂ ਇਲਾਵਾ 22 ਪੰਜਾਬੀ ਦੀਆਂ ਕਹਾਣੀਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਇੱਕ ਲਘੂ ਨਾਟਕ **ਵਿਚਾਰਾ ਵਿਲੀਅਮ** ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। 25 ਅੰਗਰੇਜ਼ੀ ਦੀਆਂ ਕਹਾਣੀਆਂ 'storm in a tea cup' ਸਿਰਲੇਖ ਹੇਠ ਪ੍ਰਕਾਸ਼ਿਤ ਹੋਣ ਜਾ ਰਹੀਆਂ ਹਨ।

ਸਿਡਨੀ, ਆਸਟਰੇਲੀਆ
+61 437641033
sangha_avtar@hotmail.com

**ਡਾ. ਦਵਿੰਦਰ ਸਿੰਘ ਜੀਤਲਾ**



ਡਾ. ਦਵਿੰਦਰ ਸਿੰਘ ਜੀਤਲਾ ਜੀਵ ਵਿਗਿਆਨ ਦੇ ਵਿਦਿਆਰਥੀ ਹੋਣ ਦੇ ਬਾਵਜੂਦ ਸਾਹਿਤਕ ਰੁਝੇਵਿਆਂ ਨਾਲ ਵੀ ਭਰਪੂਰ ਹਨ। ਯੂਨੀਵਰਸਿਟੀ ਆਫ਼ ਸਿਡਨੀ ਵਿੱਚ ਕੁਝ ਸਮਾਂ ਰਿਸਰਚ ਸਕਾਲਰ ਵਜੋਂ ਕੰਮ ਕਰਦੇ ਰਹੇ ਅੱਜਕੱਲ੍ਹ ਸਿਡਨੀ ਟ੍ਰੇਨਜ਼ ਵਿੱਚ ਸਿੱਖ ਡਰਾਈਵਰ ਦੇ ਤੌਰ ਤੇ ਕਾਰਜਸ਼ੀਲ ਹਨ। ਪਰ ਨਾਲ ਹੀ ਨਾਲ ਆਪਣੇ ਕਵਿਤਾ ਲਿਖਣ ਦੇ ਸ਼ੌਂਕ ਨੂੰ ਕਾਇਮ ਰੱਖਿਆ ਹੋਇਆ ਹੈ। ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਲਈ ਹਮੇਸ਼ਾ ਸਰਗਰਮ ਰਹਿੰਦੇ ਹਨ। ਅੰਗਰੇਜ਼ੀ ਤੇ ਪੰਜਾਬੀ ਵਿੱਚ ਵੱਖ ਵੱਖ ਵਿਸ਼ਿਆਂ ’ਤੇ ਪੰਦਰਾਂ ਲੇਖ ਛਪ ਚੁੱਕੇ ਹਨ। ਪੰਜਾਬੀ ਸਾਹਿਤਕ ਫੋਰਮ ਸਿਡਨੀ ਦੇ ਫਾਊਂਡਰ ਮੈਂਬਰ ਹਨ। ਹੁਣ ਤੱਕ ਇਨ੍ਹਾਂ ਦੇ ਦੋ ਕਾਵਿ ਸੰਗ੍ਰਹਿ **ਸੋਚਾਂ ਦਾ ਸਿਲਸਿਲਾ** ਤੇ **ਆਲ੍ਹਣੇ ਦਾ ਤਿਣਕਾ** ਪ੍ਰਕਾਸ਼ਿਤ ਹੋ ਚੁੱਕੇ ਹਨ। ਤੀਸਰਾ ਕਾਵਿ ਸੰਗ੍ਰਹਿ **ਨਜ਼ਰਾਂ ਦੀ ਖਾਮੋਸ਼ੀ** ਪ੍ਰਕਾਸ਼ਿਤ ਹੋਣ ਵਾਲਾ ਹੈ। ਅੰਗਰੇਜ਼ੀ ਤੇ ਪੰਜਾਬੀ ਵਿੱਚ ਉਨ੍ਹਾਂ ਵੱਲੋਂ ਲਿਖੀ ਵਾਰਤਕ ਕਾਬਿਲੇ ਤਾਰੀਫ਼ ਹੈ। ਪੰਜਾਬ ਭਵਨ ਕੈਨੇਡਾ ਪੰਜਾਬੀ ਸੱਥ ਮੈਲਬਰਨ ਤੇ ਪੰਜਾਬੀ ਸਾਹਿਤਕ ਫੋਰਮ ਸਿਡਨੀ ਵੱਲੋਂ ਸਨਮਾਨਿਤ ਕੀਤੇ ਜਾ ਚੁੱਕੇ ਹਨ।

ਸਿਡਨੀ, ਆਸਟਰੇਲੀਆ
+61400443419

**ਸਰਬਜੀਤ ਸੋਹੀ**



ਸਰਬਜੀਤ ਸੋਹੀ ਆਸਟਰੇਲੀਆ ਵੱਸਦਾ ਪੰਜਾਬੀ ਕਵੀ ਹੈ। ਅਜੋਕੇ ਦੌਰ ’ਚ ਲਿਖੀ ਜਾ ਰਹੀ ਪ੍ਰਗਤੀਸ਼ੀਲ ਕਵਿਤਾ ਵਿੱਚ ਉਸਦਾ ਵਿਸ਼ੇਸ਼ ਸਥਾਨ ਹੈ। ਸੋਹੀ ਕਾਵਿ ਅਜੋਕੇ ਸਮਾਜ ਦੀ ਦੰਭੀ ਸੋਚ ਉੱਤੇ ਕਰਾਰੀ ਚੋਟ ਕਰਦਾ ਹੈ। **ਸੂਰਜ ਆਵੇਗਾ ਕੱਲ ਵੀ, ਤਰਕਸ਼ ਵਿਚਲੇ ਹਰਫ, ਲਹੂ ਵਿੱਚ ਮੌਲਦੇ ਗੀਤ, ਸ਼ਬਦਾਂ ਦੀ ਪਰਵਾਜ਼** (ਸੰਪਾਦਿਤ ਕਾਵਿ ਸੰਗ੍ਰਹਿ), **ਪੰਜਾਂ ਪਾਣੀਆਂ ਦੇ ਗੀਤ** (ਸੰਪਾਦਿਤ ਗੀਤ ਸੰਗ੍ਰਹਿ), **ਜਗਦੇ ਹਰਫ਼ਾਂ ਦੀ ਡਾਰ** (ਸੰਪਾਦਿਤ ਗ਼ਜ਼ਲ ਸੰਗ੍ਰਹਿ), **ਜਗਦੇ ਹਰਫ਼ਾਂ ਦੀ ਲੋਅ** (ਸ਼ਾਹਮੁੱਖੀ ਅਨੁਵਾਦ), **ਵਿਸਰਜਨ ਸੇ ਪਹਿਲੇ** (ਹਿੰਦੀ ਅਨੁਵਾਦ) ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਬ੍ਰਿਸਬੇਨ, ਆਸਟਰੇਲੀਆ
+61410584302

## ਸੁਰਿੰਦਰ ਸਿਦਕ



ਮਲੋਟ ਦੀ ਜੰਮਪਲ ਤੇ ਅੱਜਕੱਲ੍ਹ ਐਡੀਲੇਡ ਰਹਿੰਦੀ ਸੁਰਿੰਦਰ ਸਿਦਕ ਇੱਕ ਸੰਵੇਦਨਸ਼ੀਲ ਪ੍ਰਤਿਭਾਸ਼ਾਲੀ ਤੇ ਸੂਝਵਾਨ ਸ਼ਾਇਰਾ ਹੈ। ਜਿਸਨੇ ਬਹੁਤ ਘੱਟ ਸਮੇਂ ਵਿੱਚ ਪੰਜਾਬੀ ਅਦਬ ਜਗਤ ਵਿੱਚ ਵੱਖਰਾ ਮੁਕਾਮ ਬਣਾਇਆ ਹੈ। ਉਸ ਦਾ ਹੁਣ ਤਕ ਇੱਕ ਕਾਵਿ ਸੰਗ੍ਰਹਿ **ਚਾਨਣ ਦੀ ਪੈੜ** ਜੋ ਅਮਿਤਾਸ ਤੇ ਉਸ ਦੀ ਸਾਂਝੀ ਪੁਸਤਕ ਹੈ ਤੇ ਦੋ ਗ਼ਜ਼ਲ ਸੰਗ੍ਰਹਿ **ਰੂਹ ਦੀ ਗਾਨੀ** ਅਤੇ **ਕੁਝ ਤਾਂ ਕਹਿ** ਪ੍ਰਕਾਸ਼ਿਤ ਹੋ ਚੁੱਕੇ ਹਨ। ਸਿਦਕ ਨੇ ਰੁਜ਼ਗਾਰ ਪੱਖੋਂ ਨਰਸਿੰਗ ਨੂੰ ਅਪਣਾਇਆ ਹੋਇਆ ਹੈ। ਪਤੀ ਵਾਂਗ ਅਦਾਕਾਰੀ ਵੀ ਉਸ ਦੇ ਸ਼ੌਕ ਦਾ ਵੱਡਾ ਹਿੱਸਾ ਹੈ। ਸਾਹਿਤ ਸੁਮੇਲ ਸੰਸਥਾ ਸਾਊਥ ਆਸਟਰੇਲੀਆ ਦੀ ਪ੍ਰਧਾਨ ਵਜੋਂ ਵੀ ਕਾਰਜਸ਼ੀਲ ਹੈ।

ਐਡੀਲੇਡ, ਆਸਟਰੇਲੀਆ
+61452516779

## ਕੁਲਜੀਤ ਗ਼ਜ਼ਲ



ਜ਼ਿਲ੍ਹਾ ਅੰਮ੍ਰਿਤਸਰ ਦੀ ਜੰਮਪਲ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਵਿਦਿਆਰਥਣ ਰਹੀ ਕੁਲਜੀਤ ਕੌਰ ਗ਼ਜ਼ਲ ਸਾਹਿਤ ਦੇ ਖੇਤਰ ਵਿੱਚ ਨਿਵੇਕਲੀ ਪਛਾਣ ਬਣਾ ਚੁੱਕੀ ਹੈ। ਉਸ ਦੇ ਹੁਣ ਤੱਕ ਦੋ ਗ਼ਜ਼ਲ ਸੰਗ੍ਰਹਿ **ਤ੍ਰੇਲ ਜਿਹੇ ਮੋਤੀ, ਇਹ ਪਰਿੰਦੇ ਸਿਆਸਤ ਨਹੀਂ ਜਾਣਦੇ** ਇੱਕ ਕਾਵਿ ਸੰਗ੍ਰਹਿ **ਰਾਗ ਮੁਹੱਬਤ**, ਇੱਕ ਸਾਂਝਾ ਨਾਰੀ ਕਾਵਿ ਸੰਗ੍ਰਹਿ **ਜਦੋਂ ਔਰਤ ਸ਼ਾਇਰ ਹੁੰਦੀ ਹੈ** ਪ੍ਰਕਾਸ਼ਿਤ ਹੋ ਚੁੱਕੇ ਹਨ। ਇੱਕ ਖ਼ਤਾਂ ਦੀ ਪੁਸਤਕ **ਦਿਲ ਕਰੇ ਤਾਂ ਖ਼ਤ ਲਿਖੀਂ** ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਪੰਜਾਬੀ ਸੱਥ ਮੈਲਬਰਨ ਆਸਟਰੇਲੀਆ ਦੀ ਉਹ ਸੰਸਥਾਪਕ ਵੀ ਹੈ ਤੇ ਸੰਚਾਲਕ ਵੀ।

ਮੈਲਬਰਨ , ਆਸਟਰੇਲੀਆ
+61480125121

**ਰਸਨਾ**



ਰਸਨਾ ਐਚ. ਐਸ. ਬਹੁਪੱਖੀ ਪ੍ਰਤਿਭਾ ਦਾ ਸੁਮੇਲ ਹੈ ਅਧਿਆਪਕ, ਖੋਜੀ, ਵਿਸ਼ਲੇਸ਼ਕ, ਅਨੁਵਾਦਕ ਅਤੇ ਰੇਡੀਓ, ਟੀ. ਵੀ. ਪ੍ਰੋਗਰਾਮਾਂ ਦੀ ਐਂਕਰ ਹੋਣ ਦੇ ਨਾਲ ਨਾਲ ਉਹ ਡਿਜ਼ਿਟਲ ਮੈਗਜ਼ੀਨ ਬਰਕਤ ਵੀ ਕੱਢਦੇ ਹਨ। ਬਰਕਤ ਚੈਨਲ ਦੇ ਡਾਇਰੈਕਟਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਕਹਾਣੀ ਅਤੇ ਡਾਕੂਮੈਂਟਰੀ ਦੀ ਵੀ ਸਿਰਜਣਾ ਕਰਦੀ ਹੈ। ਸਿੱਖ ਇਤਿਹਾਸ ਲੋਕਧਾਰਾ ਅਤੇ ਪਰਵਾਸੀ ਪੰਜਾਬੀ ਸਾਹਿਤ ਨਾਲ ਸੰਬੰਧਿਤ ਅਨੇਕਾਂ ਲੈਕਚਰ ਆਸਟਰੇਲੀਆ ਦੀਆਂ ਯੂਨੀਵਰਸਿਟੀਆਂ ਅਤੇ ਗੁਰਦੁਆਰਿਆਂ ਵਿੱਚ ਦੇ ਚੁੱਕੀ ਹੈ। ਸਾਂਝੀ ਆਵਾਜ਼ ਰੇਡੀਓ, ਹਾਂਜੀ ਰੇਡੀਓ, 4 eb ਰੇਡੀਓ ਤੇ ਟਾਕ ਸ਼ੋਅ ਦੀ ਹੋਸਟ ਵਜੋਂ ਉਸਨੇ ਆਪਣੀ ਅਲਗ ਪਹਿਚਾਣ ਕਾਇਮ ਕੀਤੀ ਹੈ।

ਮੈਲਬਰਨ, ਆਸਟਰੇਲੀਆ
+61425540030

**ਡਾ. ਅਮਰਜੀਤ ਟਾਂਡਾ, ਸਿਡਨੀ**



ਅਮਰਜੀਤ ਟਾਂਡਾ ਸਿਡਨੀ ਵੱਸਦਾ ਉਹ ਸਾਹਿਤਕਾਰ ਹੈ, ਜਿਸਨੇ ਕਵਿਤਾ ਦੇ ਨਾਲ ਨਾਲ ਗਲਪ ਵਿੱਚ ਵੀ ਆਪਣੀ ਹਾਜ਼ਰੀ ਲੁਆਈ ਹੈ। ਪੰਜ ਕਾਵਿ ਪੁਸਤਕਾਂ ਤੋਂ ਇਲਾਵਾ ਤਿੰਨ ਨਾਵਲ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਹਨਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਲਈ ਬਦੇਸ਼ ਵਿੱਚ ਦੇਣ ਵਾਸਤੇ ਸਾਲ 2008 ਦਾ ਸਨਮਾਨ ਵੀ ਮਿਲ ਚੁੱਕਾ ਹੈ। ਉਨ੍ਹਾਂ ਦੀਆਂ ਰਚਨਾਵਾਂ ਹਨ- ਕਾਵਿ ਸੰਗ੍ਰਹਿ **ਲਿਖਤੁਮ ਨੀਲੀ ਬੰਸਰੀ, ਸ਼ਬਦਾਂਮਣੀ, ਕਵਿਤਾਂਜਲੀ, ਸੁੱਲਗਦੇ ਹਰਫ਼, ਕੋਰੇ ਨੀਲੇ ਵਰਕੇ, ਦੀਵਾ ਸਫ਼ਿਆਂ ਦਾ, ਕੋਰੇ ਕਾਗ਼ਜ਼ ਤੇ ਨੀਲੇ ਦਸਖ਼ਤ, ਹਵਾਵਾਂ ਦੇ ਰੁੱਖ,** ਨਾਵਲ **ਨੀਲਾ ਸੁੱਕਾ ਸਮੁੰਦਰ** ਅਤੇ **ਥੱਕੇ ਹੂਏ** (ਹਿੰਦੀ)।

ਸਿਡਨੀ, ਆਸਟਰੇਲੀਆ
+61417271147

**ਮਨਜੀਤ ਬੋਪਾਰਾਏ**



ਮਨਜੀਤ ਬੋਪਾਰਾਏ ਪੰਜਾਬੀ ਲੇਖਕ, ਪੱਤਰਕਾਰ ਉੱਘੇ ਸਮਾਜ ਸੇਵੀ ਹੋਣ ਦੇ ਨਾਲ ਨਾਲ ਵਿਗਿਆਨਿਕ ਸੋਚ ਦਾ ਪਹਿਰੇਦਾਰ ਹੈ। 1998 ਤੋਂ ਸਿਡਨੀ ਵਾਸੀ ਹਨ। ਇਹਨਾਂ ਦੀ ਬਹੁਚਰਚਿਤ ਪੁਸਤਕ **ਜੋਤਿਸ਼ ਝੂਠ ਬੋਲਦਾ ਹੈ-ਤਰਕਸ਼ੀਲ ਸਾਹਿਤ** ਜਿਹੜੀ 1992 ਵਿੱਚ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਈ ਅਤੇ ਲੱਖਾਂ ਦੀ ਗਿਣਤੀ ਵਿੱਚ ਪਾਠਕਾਂ ਤੱਕ ਪਹੁੰਚੀ। ਇਹਨਾਂ ਦੀ ਦੂਸਰੀ ਪੁਸਤਕ **ਮੁੱਠੀ ਭਰ ਸਵਾਹ** (ਕਾਵਿ ਸੰਗ੍ਰਿਹ) ਹੈ। **'ਦਾ ਪੰਜਾਬ'** 2008 ਵਿੱਚ ਇਹਨਾਂ ਵਲੋਂ ਸ਼ੁਰੂ ਕੀਤਾ ਗਿਆ ਪੰਜਾਬੀ ਅਖ਼ਬਾਰ ਹੈ। 2003 ਵਿੱਚ ਸੋਂਗ ਆਸਟਰੇਲੀਆ ਰਚਿਤ ਗੀਤ ਨੂੰ 2007 ਵਿੱਚ ਜਰਮਨ ਵਿੱਚ ਹੋਏ ਅੰਤਰਰਾਸ਼ਟਰੀ ਫੁਟਬਾਲ ਦੇ ਸੰਬੰਧ ਵਿੱਚ ਪੇਸ਼ ਕੀਤਾ ਗਿਆ।

ਬ੍ਰਿਸਬੇਨ,ਆਸਟਰੇਲੀਆ
+61412344380

**ਰਮਾ ਸੇਖੋਂ**



ਪੰਜਾਬੀ ਅਤੇ ਹਿੰਦੀ ਦੋਹਾਂ ਜ਼ਬਾਨਾਂ ਵਿੱਚ ਕਵਿਤਾਵਾਂ ਲਿਖਣ ਦੀ ਮੁਹਾਰਤ ਰੱਖਣ ਵਾਲੀ ਰਮਾ ਸੇਖੋਂ ਆਸਟਰੇਲੀਅਨ ਪੰਜਾਬੀ ਚੈਨਲ ਦੀ ਵੀ ਡਾਇਰੈਕਟਰ ਹੈ ਅਤੇ 'ਰੰਗਮੰਚਕਾਰੀ' ਜੋ ਕਿ ਇੱਕ ਥਿਅੇਟਰ ਦਾ ਗਰੁਪ ਹੈ, ਉਸ ਦੀ ਪ੍ਰਧਾਨ ਵੀ ਹੈ। ਇੰਡੀਆ ਰਹਿੰਦਿਆਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਬਹੁਤ ਸਾਰੇ ਨਾਟਕ ਖੇਡੇ ਜਿਨ੍ਹਾਂ ਵਿੱਚ ਲੂਣਾ, ਮਾਵਾਂ ਅਤੇ ਕੁਦੇਸਣ ਖ਼ਾਸ ਜ਼ਿਕਰਯੋਗ ਹਨ। ਆਸਟਰੇਲੀਆ ਰਹਿੰਦਿਆਂ ਪੰਜਾਬੀ ਭਾਈਚਾਰੇ ਦੇ ਸਥਾਨਕ ਮਸਲਿਆਂ ਸੰਬੰਧੀ ਕਾਵਿ ਨਾਟਕ, 'ਸਿਰਫ਼ ਨਾਟਕ ਨਹੀਂ ਹੈ ਇਹ...' ਲਿਖਿਆ, ਨਿਰਦੇਸ਼ਤ ਕੀਤਾ ਅਤੇ ਆਪਣੀ 'ਰੰਗਮੰਚਕਾਰੀ' ਟੀਮ ਰਾਹੀਂ ਮੰਚਨ ਵੀ ਕੀਤਾ। 'ਆਸਟਰੇਲੀਅਨ ਪੰਜਾਬੀ ਚੈਨਲ' 'ਤੇ ਪ੍ਰੋਗਰਾਮ 'ਮਹਿਫ਼ਲ-ਏ-ਸੁਖ਼ਨ' ਰਾਹੀਂ, ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਸ਼ਾਇਰਾਂ ਨੂੰ ਬਾਕੀ ਦੁਨੀਆ ਵਿੱਚ ਵੱਸਦੇ ਪੰਜਾਬੀ ਦੇ ਸਥਾਪਤ ਕਵੀਆਂ ਅਤੇ ਅਦੀਬਾਂ ਦੇ ਰੂਬਰੂ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ।

ਮੈਲਬਰਨ, ਆਸਟਰੇਲੀਆ
+61421914391

**ਗਿਆਨੀ ਸੰਤੋਖ ਸਿੰਘ**



ਗਿਆਨੀ ਸੰਤੋਖ ਸਿੰਘ ਦਾ ਜਨਮ ਅੰਮ੍ਰਿਤਸਰ ਦੇ ਪਿੰਡ ਸੂਰੋ ਪੱਡਾ ਵਿੱਚ 1943 ਵਿੱਚ ਹੋਇਆ। ਗੁਰਬਾਣੀ ਅਤੇ ਗੁਰਮਤਿ ਦੀ ਲਗਨ ਉਹਨਾਂ ਨੂੰ ਆਪਣੇ ਪਿਤਾ ਜੀ ਪਾਸੋਂ ਲੱਗੀ। ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਰਾਗੀ ਤੋਂ ਲੈ ਕੇ ਹੋਰ ਵੱਖ ਵੱਖ ਪ੍ਰਸ਼ਾਸਨਿਕ ਅਹੁਦਿਆਂ ਤੇ ਸੇਵਾ ਨਿਭਾਈ। 1979 ਤੋਂ ਉਹ ਸਿਡਨੀ ਨਿਵਾਸੀ ਹਨ। ਇਹਨਾਂ ਦੀਆਂ 10 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ ਵਿੱਚ **ਸੱਚੇ ਦਾ ਸੱਚਾ ਢੋਆ**, **ਊਜਲ ਕੈਹਾ ਚਿਲਕਣਾ**, **ਯਾਦਾਂ ਭਰੀ ਚੰਗੇਰ**, **ਬਾਤਾਂ ਬੀਤੇ ਦੀਆਂ**, **ਜੋ ਵੇਖਿਆ ਸੋ ਆਖਿਆ**, **ਸਿਧਰੇ ਲੇਖ**, **ਸਾਦੇ ਸਿਧਰੇ**, **ਜਿੰਨੇ ਮੂੰਹ ਓਨੀਆਂ ਗੱਲਾਂ**, **ਕੁਝ ਹੋਰ ਬਾਤਾਂ ਗਿਆਨੀ ਸੰਤੋਖ ਸਿੰਘ ਦੀਆਂ** ਤੇ **ਸ਼੍ਰੋਮਣੀ ਅਕਾਲੀ ਦਲ ਦਾ ਇੱਕ ਸਦੀ ਦਾ ਇਤਿਹਾਸ** ਸ਼ਾਮਿਲ ਹਨ।

ਸਿਡਨੀ, ਆਸਟਰੇਲੀਆ
+61 487015847
gianisantokhsingh@yahoo.com.au

**ਜੋਗਿੰਦਰ ਸਿੰਘ ਥਿੰਦ**



ਪੰਜਾਬੀ ਅਤੇ ਉਰਦੂ ਲੇਖਣੀ ਦਾ ਸੁਮੇਲ ਜੋਗਿੰਦਰ ਸਿੰਘ ਥਿੰਦ ਗੀਤਕਾਰ ਤੇ ਗ਼ਜ਼ਲਗੋ ਹਨ। ਭਾਰਤ ਪਾਕਿ ਵੰਡ ਵੇਲੇ ਉਹ ਅੱਠ ਸਾਲ ਦੇ ਸੀ ਇਸ ਲਈ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਸੁਭਾਵਕ ਹੀ ਵੰਡ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਹਿੰਦੀ, ਪੰਜਾਬੀ, ਅੰਗਰੇਜ਼ੀ ਦੇ ਨਾਲ ਨਾਲ ਉਰਦੂ ਭਾਸ਼ਾ ਤੇ ਉਹਨਾਂ ਦੀ ਚੋਖੀ ਪਕੜ ਹੈ। ਜੋਗਿੰਦਰ ਸਿੰਘ ਥਿੰਦ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। **ਮਹਿਕਾਂ, ਸੋਚਾਂ ਦੇ ਸਿਰਨਾਵੇਂ ਅਤੇ ਸਮੇਂ ਦੀਆਂ ਪੈੜਾਂ** ਵਿੱਚ ਉਨ੍ਹਾਂ ਦੀ ਕਾਵਿ ਕਲਾ ਝਲਕਦੀ ਹੈ। ਪੰਜਾਬੀ ਭਾਸ਼ਾ ਦੀਆਂ ਵੱਖੋ ਵੱਖ ਕਾਵਿ ਵੰਨਗੀਆਂ ਦੇ ਨਾਲ ਨਾਲ ਜੋਗਿੰਦਰ ਸਿੰਘ ਥਿੰਦ ਨੇ ਜਾਪਾਨੀ ਕਵਿਤਾ ਦੀਆਂ ਚਰਚਿਤ ਕਾਵਿ ਵੰਨਗੀਆਂ ਹਾਇਕੂ, ਤਾਂਕੇ, ਸਦਕ ਤੇ ਚੋਕਾ ਦੀ ਰਚਨਾ ਵੀ ਕੀਤੀ ਹੈ।

ਸਿਡਨੀ, ਆਸਟਰੇਲੀਆ
61468400585
thind_kamboj@yahoo.com

**ਸ਼ਮੀ ਜਲੰਧਰੀ**



ਸ਼ਮੀ ਜਲੰਧਰੀ ਆਸਟਰੇਲੀਆ ਵੱਸਦਾ ਪੰਜਾਬੀ ਸ਼ਾਇਰ ਹੈ ਜਿਸ ਦੀਆਂ ਹੁਣ ਤੱਕ **'ਇਸ਼ਕ ਮੇਰਾ ਸੁਲਤਾਨ'** (ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਅਨੁਵਾਦ), **'ਪਹਿਲੀ ਬਾਰਿਸ਼', 'ਵਤਨੋਂ ਦੂਰ'** ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ ਇਸ ਦੇ ਨਾਲ ਨਾਲ ਉਸ ਦੀਆਂ ਕਵਿਤਾ ਆਡੀਓ ਐਲਬਮਾਂ ਇਸ਼ਕ ਮੇਰਾ ਸੁਲਤਾਨ, ਫਕੀਰੀਆਂ, ਦਸਤਕ ਆਦਿ ਹਨ। ਸ਼ਮੀ ਨੇ ਪੰਜਾਬੀ ਅਤੇ ਹਿੰਦੀ ਫਿਲਮਾਂ ਲਈ ਗੀਤ ਵੀ ਲਿਖੇ ਹਨ ਅਤੇ ਇਹਨਾਂ ਦੇ ਗੀਤਾਂ ਨੂੰ ਕਈ ਭਾਰਤੀ ਤੇ ਪਾਕਿਸਤਾਨੀ ਨਾਮਵਰ ਫ਼ਨਕਾਰ ਆਵਾਜ਼ ਦੇ ਚੁੱਕੇ ਹਨ।

ਐਡੀਲੇਡ, ਆਸਟਰੇਲੀਆ
+61401909498

**ਰਿਸ਼ੀ ਗੁਲਾਟੀ**



ਪੇਸ਼ੇ ਵਜੋਂ ਡਿਪਰੈਸ਼ਨ ਥੈਰੇਪੀ ਦੇ ਮਾਹਿਰ ਐਡੀਲੇਡ ਵਾਸੀ ਰਿਸ਼ੀ ਗੁਲਾਟੀ 'ਜ਼ਿੰਦਗੀ ਅਜੇ ਬਾਕੀ ਹੈ' ਤੇ **'ਆਕਸ਼ਰਣ ਦਾ ਸਿਧਾਂਤ'** ਪੁਸਤਕਾਂ ਪੰਜਾਬੀ ਪਾਠਕਾਂ ਦੇ ਸਨਮੁੱਖ ਕਰ ਚੁੱਕੇ ਹਨ ਅਤੇ ਬਹੁਤ ਹੀ ਜਲਦ ਉਹਨਾਂ ਦੀ ਪੁਸਤਕ **'ਅਰਧ ਨਾਰੀ'** ਪ੍ਰਕਾਸ਼ਿਤ ਹੋਣ ਜਾ ਰਹੀ ਹੈ। ਉਨ੍ਹਾਂ ਨੇ ਬਹੁਤ ਹੀ ਸੰਖੇਪ ਅਤੇ ਸਰਲ ਸ਼ਬਦਾਂ ਰਾਹੀਂ ਮਨੋਵਿਗਿਆਨਕ ਵਿਸ਼ਿਆਂ ਨੂੰ ਛੋਹਿਆ ਹੈ। ਇਸ ਦੇ ਨਾਲ ਹੀ ਉਹਨਾਂ ਵੱਲੋਂ ਇੰਡੋਜ਼ ਟੀ. ਵੀ. ਆਸਟਰੇਲੀਆ, ਏ. ਵਨ ਪੰਜਾਬੀ ਟੀ. ਵੀ. ਇੰਡੀਆ ਤੇ ਹਰਮਨ ਰੇਡੀਓ ਆਸਟਰੇਲੀਆ ਤੇ ਕਈ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ।

ਐਡੀਲੇਡ, ਆਸਟਰੇਲੀਆ
61433442722
rishi22722@gmail.com

**ਮੋਹਨ ਸਿੰਘ ਵਿਰਕ**



ਧਾਰਮਿਕ ਰੁਚੀਆਂ ਵਾਲੇ ਮੋਹਨ ਸਿੰਘ ਵਿਰਕ ਆਪਣੇ ਇਲਾਕੇ ਗਲੈਨਵੁੱਡ ਗੁਰਦੁਆਰਾ ਸਿਡਨੀ, ਦੇ ਬੋਰਡ ਆਫ ਡਾਇਰੈਕਟਰ ਤੇ ਸਕੱਤਰ ਹਨ। ਸਾਹਿਤਕ ਹਲਕਿਆਂ ਵਿੱਚ ਉਹ ਆਪਣੇ ਲੇਖ ਕਵਿਤਾ ਅਤੇ ਕਹਾਣੀ ਲੇਖਕ ਵਜੋਂ ਜਾਣੇ ਜਾਂਦੇ ਹਨ। **ਯਾਦਾਂ ਦੀ ਮਹਿਕ** ਲੇਖ ਸੰਗ੍ਰਹਿ ਤੋਂ ਬਾਅਦ ਉਹਨਾਂ ਨੇ ਨਾਵਲ **ਹਾਣੀ, ਗੁਰ ਨੂਰ** ਲਿਖੇ। ਯਾਤਰਾ **ਨਨਕਾਣਾ ਸਾਹਿਬ ਸਫ਼ਰਨਾਮਾ, ਯਾਤਰਾ ਬੜੂ ਸਾਹਿਬ ਸਫ਼ਰਨਾਮਾ** ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਇਹਨਾਂ ਨੇ ਆਪਣੇ ਦੇਸ਼ ਵੰਡ ਦੀਆਂ ਯਾਦਾਂ ਨੂੰ ਸਾਹਿਤ ਦੇ ਮਾਧਿਅਮ ਰਾਹੀਂ ਬਹੁਤ ਹੀ ਸੰਵੇਦਨਾਮਈ ਢੰਗ ਨਾਲ ਪੇਸ਼ ਕੀਤਾ ਹੈ।

ਸਿਡਨੀ, ਆਸਟਰੇਲੀਆ
+61409660701

**ਪਰਗਟ ਸਿੰਘ ਰੰਧਾਵਾ**



ਪਿੰਡ ਵਡਾਲਾ ਕਲਾਂ ਜਿਲ੍ਹਾ ਕਪੂਰਥਲਾ ਦੇ ਜੰਮਪਲ ਪਰਗਟ ਸਿੰਘ ਰੰਧਾਵਾ ਸਹਿਕਾਰਤਾ ਵਿਭਾਗ ’ਚ 35 ਸਾਲ ਦੀ ਨੌਕਰੀ ਕਰਕੇ ਬਤੌਰ ਇੰਸਪੈਕਟਰ ਰਿਟਾਇਰ ਹੋ ਕੇ 2015 ਵਿੱਚ ਆਸਟਰੇਲੀਆ ਚਲੇ ਗਏ।ਹੁਣ ਤੱਕ ਉਹਨਾਂ ਦੀਆਂ 13 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਹਨਾਂ ਵਿੱਚ **‘ਸਧਰਾਂ ਦਾ ਗੁਲਦਸਤਾ’** ਸਭ ਤੋਂ ਪਹਿਲੀ ਪੁਸਤਕ 2018 ਵਿੱਚ ਪ੍ਰਕਾਸ਼ਿਤ ਹੋਈ। ਉਸ ਤੋਂ ਬਾਅਦ **ਦਰਦ ਭਰੇ ਗੀਤ, ਕੁਦਰਤ ਦੇ ਅੰਗਸੰਗ,** ਵਿਅੰਗਆਤਮਕ ਕਵਿਤਾਵਾਂ, **ਹਿਰਦੇ ਦੀ ਹੂਕ, ਅੱਖੀਂ ਡਿੱਠਾ ਪਿੰਡ, ਨਸ਼ਿਆਂ ਦੀ ਦਾਸਤਾਨ, ਮੇਰੀ ਆਤਮ ਕਥਾ, ਸੋਚ** (ਨਾਵਲ, ਵਾਰਤਕ ਅਤੇ ਕਾਵਿ ਸੰਗ੍ਰਹਿ) ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ।

ਆਸਟਰੇਲੀਆ (ਬ੍ਰਿਸਬੇਨ)
8437437803
pargatsingh33241@gmail com

**ਸਤਿਬੀਰ ਸਿੰਘ ਨੂਰ**



ਸਤਿਬੀਰ ਸਿੰਘ ਨੂਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਐਮ. ਏ. ਅਗ੍ਰੇਜੀ ਕਰਨ ਉਪਰੰਤ ਕੁਝ ਸਮਾਂ ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਵੱਜੋਂ ਕਾਰਜਸ਼ੀਲ ਰਿਹਾ ਅਤੇ ਫਿਰ ਆਸਟਰੇਲੀਆ ਪਰਵਾਸ ਧਾਰਨ ਕਰ ਲਿਆ। 2014 ਵਿੱਚ ਉਸ ਦੀ ਪਲੇਠੀ ਪੁਸਤਕ **'ਕਮਲੀ ਜਹੀ ਜਿਗਿਆਸਾ'** ਅਤੇ 2019 ਵਿੱਚ **'ਅੰਤਰਗਤਿ'** ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।

ਮੈਲਬਰਨ , ਆਸਟਰੇਲੀਆ

**ਬਿੱਕਰ ਬਾਈ**



ਸਾਹਿਤਕ ਸੱਥ ਮੈਲਬਰਨ ਦੇ ਸੰਸਥਾਪਕ, ਗਾਇਕ, ਗੀਤਕਾਰ ਤੇ ਲੇਖਕ ਬਿੱਕਰ ਬਾਈ ਦਾ ਕਾਵਿ ਸੰਗ੍ਰਹਿ **ਬੋਲ ਪਏ ਅਲਫਾਜ਼** ਤੇ ਪਲੇਠਾ ਗੀਤ ਸੰਗ੍ਰਹਿ **ਗੀਤ ਰਹਿਣਗੇ ਕੋਲ** ਪ੍ਰਕਾਸ਼ਿਤ ਹੋ ਚੁੱਕੇ ਹਨ। ਪਰਵਾਸੀ ਧਰਤੀ ਤੇ ਉਹ ਸ਼ਬਦਾਂ ਅਤੇ ਆਵਾਜ਼ ਨਾਲ ਉਹਨਾਂ ਨੂੰ ਤਰਨੁੰਮ ਵਿੱਚ ਗਾ ਕੇ ਮਾਂ ਬੋਲੀ ਦੀ ਸੇਵਾ ਵਿੱਚ ਸਰਗਰਮ ਹੈ। ਉਹ ਹਨੇਰੇ ਵਿੱਚ ਸੁਹਿਰਦ ਗੀਤਕਾਰੀ ਦੇ ਦੀਵੇ ਬਾਲਣ ਲਈ ਯਤਨਸ਼ੀਲ ਹੈ।

ਮੈਲਬਰਨ, ਆਸਟਰੇਲੀਆ
+61430103786

**ਜਸਵੰਤ ਵਾਗਲਾ**



ਆਸਟਰੇਲੀਆ ਵੱਸਦਾ ਜਸਵੰਤ ਵਾਗਲਾ **'ਹਾਦਸਿਆਂ ਦਾ ਜੰਗਲ'** ਅਤੇ **'ਝਾਂਜਰ'** ਗ਼ਜ਼ਲ ਸੰਗ੍ਰਹਿ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ। ਆਸਟਰੇਲੀਆ ਵਿੱਚ ਰਹਿੰਦੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਗ਼ਜ਼ਲਗੋਆਂ ਦੇ ਸਾਂਝੇ ਸੰਗ੍ਰਹਿ 'ਜੱਗਦੇ ਹਰਫ਼ਾਂ ਦੀ ਡਾਰ' ਵਿੱਚ ਵੀ ਉਹਨਾਂ ਦੀ ਰਚਨਾਵਾਂ ਸ਼ਾਮਿਲ ਹਨ।

ਬ੍ਰਿਸਬੇਨ, ਆਸਟਰੇਲੀਆ
+61468933935

## ਹਰਮੋਹਨ ਸਿੰਘ ਵਾਲੀਆ



ਜਸਟਿਸ ਆਫ ਪੀਸ ਨਾਲ ਸਨਮਾਨਿਤ ਹਰਮੋਹਨ ਸਿੰਘ ਵਾਲੀਆ ਲੇਖਕ, ਕਵੀ, ਸੰਗੀਤਕਾਰ, ਫੋਟੋਗਰਾਫਰ, ਬਰੋਡਕਾਸਟਰ ਅਤੇ ਇੱਕ ਰਾਜ ਨੇਤਾ ਵਜੋਂ ਆਸਟਰੇਲੀਆ ਦੀ ਧਰਤੀ ਤੇ ਆਪਣੀ ਪਛਾਣ ਬਣਾ ਚੁੱਕੇ ਹਨ। ਇਹਨਾਂ ਦੇ ਦੋ ਪੰਜਾਬੀ ਕਾਵਿ ਸੰਗ੍ਰਹਿ **ਲਚਕਦਾਰ ਪਾਣੀ** ਅਤੇ **ਫਲਸਫਾ-ਏ-ਜ਼ਿੰਦਗੀ ਪੰਜਾਬੀ** ਅਤੇ Coffee table book Success Stories of Indo-Australians, Chalanges Opportunities and success ਪ੍ਰਕਾਸ਼ਿਤ ਹੋ ਚੁੱਕੇ ਹਨ। ਇਹ ਪਹਿਲੇ ਭਾਰਤੀ ਹਨ ਜਿਨ੍ਹਾਂ ਨੇ ਆਸਟਰੇਲੀਆ ਦੀਆਂ 2004 ਵਿੱਚ ਹੋਈਆਂ ਫੈਡਰਲ ਇਲੈਕਸ਼ਨ ਵਿੱਚ ਹਿੱਸਾ ਲਿਆ।

ਸਿਡਨੀ, ਆਸਟਰੇਲੀਆ

61402842375

## ਰਮਨਪ੍ਰੀਤ ਕੌਰ ਰੰਧਾਵਾ



ਰਮਨਪ੍ਰੀਤ ਕੌਰ ਰੰਧਾਵਾ ਆਸਟਰੇਲੀਆ ਵੱਸਦੀ ਉਹ ਲੇਖਿਕਾ ਹੈ ਜਿਸਨੇ ਮਸ਼ੀਨ ਰੂਪੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਵੀ ਸੰਵੇਦਨਾ ਨੂੰ ਆਪਣੇ ਅੰਦਰ ਜਿਉਦਾ ਰੱਖਿਆ ਹੈ। ਉਹ ਆਪਣੀ ਕਵਿਤਾ ਵਿੱਚ ਔਰਤ ਦੀਆਂ ਸੱਧਰਾਂ, ਚਾਵਾਂ, ਅਕਾਂਖਿਆਵਾਂ ਨੂੰ ਤਰਜ਼ੀਹ ਦਿੰਦੀ ਹੈ। ਰਮਨਪ੍ਰੀਤ ਕੌਰ ਦੇ ਹੁਣ ਤੱਕ ਦੋ ਕਾਵਿ ਸੰਗ੍ਰਹਿ **ਰੁਸ਼ਨੂਰ, ਮੈਂ ਮੁਖਾਤਿਬ** ਹਾਂ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਦੀਆਂ ਕਵਿਤਾਵਾਂ ਜ਼ਿੰਦਗੀ ਦੀ ਬਾਤ ਪਾਉਂਦੀਆਂ ਹਨ, ਅੰਤਰਮਨ ਦੀਆਂ ਪਰਤਾਂ ਖੋਲਦੀਆਂ ਹਨ।

ਐਡੀਲੇਡ, ਆਸਟਰੇਲੀਆ

+61403674549

**ਮਿੰਟੂ ਬਰਾੜ**



ਮਿੰਟੂ ਬਰਾੜ ਸਮਾਜ ਸੇਵੀ, ਖ਼ਬਰਾਂ ਦੇ ਸਮੀਖਿਆਕਾਰ ਤੇ ਖੇਤੀ ਖੋਜੀ ਹਨ। ਉਹ ਦੱਖਣੀ ਆਸਟਰੇਲੀਆ ਦੇ ਸ਼ਹਿਰ ਐਡੀਲੇਡ ਨੇੜੇ ਆਪਣੇ ਫਾਰਮ ਵਿੱਚ ਰਹਿੰਦੇ ਹਨ। ਇਥੋਂ ਉਹਨਾਂ ਦੀ ਪੁਸਤਕ **ਕੈਂਗਰੂਨਾਮਾ** ਨਿਬੰਧ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੀ ਹੈ। ਉਹ ਪੰਜਾਬੀ ਅਖ਼ਬਾਰ ਦੇ ਸੰਪਾਦਕ ਤੇ ਯੂਟਿਊਬ ਚੈਨਲ ਪੇਂਡੂ ਆਸਟਰੇਲੀਆ ਦੇ ਪ੍ਰੋਡਿਊਸਰ ਤੇ ਹੋਸਟ ਹਨ। ਮਿੰਟੂ ਨੇ ਆਪਣੀ ਪਛਾਣ ਰਾਜਨੀਤਿਕ ਤੇ ਸਮਾਜਿਕ ਵਿਸ਼ਲੇਸ਼ਕ ਵਜੋਂ ਵੀ ਬਣਾਈ ਹੈ। ਮਿੰਟੂ ਬਰਾੜ ਨੂੰ ਤਿੰਨ ਵਾਰ **ਗਵਰਨਰ ਮਲਟੀਕਲਚਰ ਐਵਾਰਡ** ਨਾਲ ਨਿਵਾਜਿਆ ਗਿਆ ਹੈ।


ਐਡੀਲੇਡ, ਆਸਟਰੇਲੀਆ

+61434289905

mintubrar@gmail.com


**ਰੁਪਿੰਦਰ ਸੋਜ਼**



ਰੁਪਿੰਦਰ ਸੋਜ਼ ਦਾ ਜਨਮ 1974 ਨੂੰ ਲਖੀਮਪੁਰ ਖੀਰੀ ਉੱਤਰ ਪ੍ਰਦੇਸ਼ ਵਿੱਚ ਹੋਇਆ। ਹੁਣ ਇਨ੍ਹਾਂ ਦੀ ਰਿਹਾਇਸ਼ ਬ੍ਰਿਸਬੇਨ ਆਸਟਰੇਲੀਆ ਵਿਖੇ ਹੈ। ਰੁਪਿੰਦਰ ਸੋਜ਼ ਪੰਜਾਬੀ ਅਤੇ ਹਿੰਦੀ ਦੋਨਾਂ ਭਾਸ਼ਾਵਾਂ ਦੇ ਲੇਖਕ ਹਨ। **ਸੰਨਾਟਾ ਬੋਲਦਾ ਹੈ** (ਪੰਜਾਬੀ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕਿਆ ਹੈ। ਰੁਪਿੰਦਰ ਸੋਜ਼ ਇੰਡੋਜ਼ ਪੰਜਾਬੀ ਸਾਹਿਤ ਅਕਾਦਮੀ ਆਫ ਆਸਟਰੇਲੀਆ ਦੇ ਪ੍ਰਧਾਨ ਵਜੋਂ ਵੀ ਕਾਰਜਸ਼ੀਲ ਹਨ।


ਬ੍ਰਿਸਬੇਨ, ਆਸਟਰੇਲੀਆ

+61433442492

**ਹਰਕੀਰਤ ਸਿੰਘ ਸੰਧਰ**



ਭਾਰਤੀਆਂ ਦੀ ਆਸਟਰੇਲੀਆ ਵਿੱਚ ਆਮਦ ਤੇ ਪਸਾਰ ਤੇ ਹਰਕੀਰਤ ਸਿੰਘ ਸੰਧਰ ਵੱਲੋਂ ਕਾਫੀ ਖੋਜ ਭਰਪੂਰ ਕਿਤਾਬ ਪ੍ਰਕਾਸ਼ਿਤ ਕੀਤੀ ਗਈ ਹੈ। **ਜਦੋਂ ਤੁਰੇ ਸੀ** ਦੇ ਸਿਰਲੇਖ ਹੇਠ ਇਹ ਕਿਤਾਬ ਜਿੱਥੇ ਭਾਰਤੀਆਂ ਦੇ ਆਸਟਰੇਲੀਆ ਨਾਲ 4200 ਸਾਲ ਪੁਰਾਣੇ ਸਬੰਧ ਦੱਸਦੀ ਹੈ ਉੱਥੇ ਆਸਟਰੇਲੀਆ ਵਿੱਚ ਕਈ ਪਿੰਡਾਂ ਅਤੇ ਗਲੀਆਂ ਦੇ ਨਾਂਵਾਂ ਦਾ ਵੀ ਖੋਜ ਭਰਪੂਰ ਵਰਣਨ ਕੀਤਾ ਗਿਆ ਹੈ। ਇਹ ਕਿਤਾਬ ਸਾਡੇ ਅਤੀਤ ਦੀਆਂ ਜੜ੍ਹਾਂ ਨੂੰ ਸਾਡੇ ਵਰਤਮਾਨ ਨਾਲ ਜੋੜਦੀ ਹੈ। ਦੂਸਰੀ ਕਿਤਾਬ **ਕਿਸਾਨ ਨਾਮਾ** ਹੈ। ਇਸ ਕਿਤਾਬ ਦਾ ਮੁੱਖ ਆਧਾਰ ਕਿਸਾਨੀ ਮੋਰਚੇ ਵੱਲੋਂ ਕੀਤਾ ਗਿਆ ਅੰਦੋਲਨ ਹੈ। ਪੂਰੇ ਕਿਸਾਨੀ ਮੋਰਚੇ ਨੂੰ ਜਿੱਥੇ ਇਸ ਕਿਤਾਬ ਵਿੱਚ ਗ੍ਰਾਫਿਕ ਟਾਈਮਲਾਈਨ ਨਾਲ ਚਿਤਰਿਆ ਗਿਆ ਹੈ ਉਥੇ ਸ਼ਹੀਦ ਹੋਏ 733 ਕਿਸਾਨਾਂ ਦੀਆਂ ਤਸਵੀਰਾਂ ਅਤੇ ਮੁੱਢਲੀ ਜਾਣਕਾਰੀ ਵੀ ਇਸ ਕਿਤਾਬ ਵਿੱਚ ਦਿੱਤੀ ਗਈ ਹੈ ਤਾਂ ਜੋ ਭਵਿੱਖ ਵਿੱਚ ਇਸ ਕਿਤਾਬ ਨੂੰ ਰਿਕਾਰਡ ਦੇ ਤੌਰ ਤੇ ਵਰਤਿਆ ਜਾ ਸਕੇ। ਕਿਤਾਬ ਵਿੱਚ ਲੱਗੀਆਂ ਢੁੱਕਵੀਆਂ ਤਸਵੀਰਾਂ ਇਸ ਕਿਤਾਬ ਨੂੰ ਹੋਰ ਸੁਆਦਲਾ ਅਤੇ ਪ੍ਰਪੱਕ ਬਣਾਉਂਦੀਆਂ ਹਨ।

ਸਿਡਨੀ, ਆਸਟਰੇਲੀਆ
0431209323
hs@sandhar.com.au

**ਸੁਖਵਿੰਦਰ ਸਿੰਘ ਨਰੂਲਾ**



ਸੁਖਵਿੰਦਰ ਸਿੰਘ ਨਰੂਲਾ ਦੀਆਂ ਹੁਣ ਤੱਕ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ: **ਮਾਂ ਹੁੰਦੀ ਏ ਮਾਂ, ਅੱਖੀਂ ਡਿੱਠੀਆਂ ਕੁਝ ਖੱਟੀਆਂ ਕੁਝ ਮਿੱਠੀਆਂ, ਅੱਖੀਂ ਡਿੱਠੀਆਂ ਕੁਝ ਆਰ ਦੀਆਂ ਕੁਝ ਪਾਰ ਦੀਆਂ।** ਪੰਜਾਬੀ ਰਸਾਲੇ 'ਦਾ ਪੰਜਾਬ ਹੈਰਲਡ' ਵਿਚ ਵੀ ਉਨ੍ਹਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ।

ਆਸਟਰੇਲੀਆ
+61470382759
narula1954@yahoo.com

**ਅਮਰਦੀਪ ਕੌਰ**



ਫਗਵਾੜਾ ਦੀ ਜੰਮਪਲ ਅਮਰਦੀਪ ਕੌਰ ਅੱਜਕੱਲ੍ਹ ਮੈਲਬਰਨ ਵਸਦੀ ਇੱਕ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ ਪੰਜਾਬ ਰਹਿੰਦਿਆਂ ਵੱਖ ਵੱਖ ਕਾਲਜਾਂ ਵਿੱਚ ਪੰਜਾਬੀ ਅਧਿਆਪਕ ਵਜੋਂ ਕਾਰਜਸ਼ੀਲ ਰਹੀ ਹੈ। ਆਲ ਇੰਡੀਆ ਰੇਡਿਓ ਜਲੰਧਰ ਵਿਖੇ ਅਨਾਊਂਸਰ ਵਜੋਂ ਵੀ ਕਾਰਜਸ਼ੀਲ ਰਹੀ ਹੈ ਆਸਟਰੇਲੀਆ ਆ ਕੇ ਪਹਿਲਾਂ ਨਿਊਜ਼ ਰਿਪੋਰਟਰ ਵਜੋਂ ਤੇ ਫੇਰ ਪਹਿਲੇ ਪੰਜਾਬੀ ਇੰਟਰਨੈੱਟ ਰੇਡੀਓ 'ਹਰਮਨ ਰੇਡੀਓ' ਨਾਲ ਰੇਡੀਓ ਜੌਕੀ ਵਜੋਂ ਕੰਮ ਸ਼ੁਰੂ ਕੀਤਾ। ਰੇਡੀਓ ਪ੍ਰੋਗ੍ਰਾਮਿੰਗ ਨੂੰ ਲਿਖਣ ਸੰਪਾਦਤ ਕਰਨ ਅਤੇ ਸੰਕਲਪਿਤ ਕਰਨ ਦਾ ਵਿਸ਼ਾਲ ਅਨੁਭਵ ਰੱਖਦੀ ਹੈ। ਦੋ ਹਜਾਰ ਬਾਰਾਂ ਤੋਂ ਸ਼ੁਰੂ ਹੋਇਆ ਰੇਡੀਓ ਜੌਕੀ ਦਾ ਸਿਲਸਿਲਾ ਹੁਣ ਤੱਕ ਜਾਰੀ ਹੈ।

ਮੈਲਬਰਨ, ਆਸਟਰੇਲੀਆ
+61003430904

**ਜਸਬੀਰ ਸਿੰਘ ਆਹਲੂਵਾਲੀਆ**



ਪਾਕਿਸਤਾਨ ਦੇ ਸ਼ਹਿਰ ਸਰਗੋਧਾ ਦੇ ਜੰਮਪਲ ਜਸਬੀਰ ਸਿੰਘ ਆਹਲੂਵਾਲੀਆ ਕਹਾਣੀਕਾਰ, ਨਾਟਕਕਾਰ, ਨਿਰਦੇਸ਼ਕ, ਅਦਾਕਾਰੀ ਅਤੇ ਰੰਗਮੰਚ ਦਾ ਸੁਮੇਲ ਹਨ। ਇਨ੍ਹਾਂ ਦੀਆਂ ਕਹਾਣੀਆਂ ਦੇ ਵਿਸ਼ੇ ਪਰਵਾਸੀਆਂ ਨਾਲ ਜੁੜੇ ਹੁੰਦੇ ਹਨ। ਕਹਾਣੀਆਂ ਦੇ ਪਾਤਰ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਕਿਸੇ ਮਿਲੇ ਹੋਏ ਪਾਤਰ ਦਾ ਹੂ-ਬ-ਹੂ ਚਿਤਰਨ ਕਰ ਦਿੱਤਾ ਗਿਆ ਹੋਵੇ। ਵਿਦੇਸ਼ਾਂ ਵਿੱਚ ਛਪਦੇ ਵੱਖ ਵੱਖ ਰਸਾਲਿਆਂ ਵਿੱਚ ਉਨ੍ਹਾਂ ਦੀਆਂ ਕਹਾਣੀਆਂ ਨੂੰ ਖਾਸ ਜਗ੍ਹਾ ਦਿੱਤੀ ਜਾਂਦੀ ਹੈ। **ਮੈਂ ਅਤੇ ਮਿਸਿਜ਼ ਸੰਧੂ** ਅਤੇ **ਬੰਦ ਡੱਬਾ** ਪੜ੍ਹਨਯੋਗ ਲਿਖਤਾਂ ਹਨ।

ਸਿਡਨੀ, ਆਸਟਰੇਲੀਆ
+61 40312520
jasbirsahluwalia@gmail. com

### ਸੁਰਜੀਤ ਸੰਧੂ



ਸੁਰਜੀਤ ਸੰਧੂ ਇੱਕ ਸਥਾਪਿਤ ਗੀਤਕਾਰ ਵੀ ਹੈ ਤੇ ਬਾਲ ਸਾਹਿਤਕਾਰ ਵੀ। ਤਿੰਨ ਸੌ ਦੇ ਕਰੀਬ ਗੀਤ ਤੇ ਕਵਿਤਾਵਾਂ ਲਿਖ ਚੁੱਕਾ ਹੈ। ਦੋ ਸਾਂਝੀਆਂ ਕਿਤਾਬਾਂ **'ਸਮੁੰਦਰੋਂ ਪਾਰ ਦੇ ਦੀਵੇ'** ਤੇ **'ਪੰਜਾਂ ਪਾਣੀਆਂ ਦੇ ਗੀਤ'** ਵਿੱਚ 10-10 ਰਚਨਾਵਾਂ ਵੀ ਛਪੀਆਂ ਹਨ। ਆਪਣੀ ਪਹਿਲੀ ਬਾਲ ਪੁਸਤਕ **ਨਿੱਕੇ ਨਿੱਕੇ ਤਾਰੇ** ਰਾਹੀਂ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਹਾਜ਼ਰੀ ਲੁਆ ਚੁੱਕਾ ਹੈ। ਉਸ ਦੀ ਇਸ ਪੁਸਤਕ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਨ ਲਈ ਪ੍ਰਵਾਨਗੀ ਵੀ ਮਿਲੀ ਹੈ। ਉਸ ਦੇ ਲਿਖੇ ਤਕਰੀਬਨ ਤੀਹ ਪੈਂਤੀ ਗੀਤ ਰਿਕਾਰਡ ਹੋ ਚੁੱਕੇ ਹਨ

ਬ੍ਰਿਸਬੇਨ, ਆਸਟਰੇਲੀਆ
+61478706479

### ਦਲਵੀਰ ਹਲਵਾਰਵੀ



ਜ਼ਿਲ੍ਹਾ ਲੁਧਿਆਣਾ ਦੇ ਪਿੰਡ ਹਲਵਾਰਾ ਦੇ ਜੰਮਪਲ ਦਲਵੀਰ ਹਲਵਾਰਵੀ ਨੇ 1966 ਤੋਂ 2008 ਤੱਕ ਇੰਗਲੈਂਡ ਰਹਿ ਕੇ ਡਿਪਲੋਮਾ ਸ਼ੋਸ਼ਲ ਵਰਕਰ ਅਤੇ ਕਮਿਊਨਿਟੀ ਭਾਸ਼ਾ, ਡਿਪਲੋਮਾ ਮੀਡੀਆ ਅਤੇ ਜਰਨਲਲਿਜ਼ਮ ਕੀਤਾ। ਆਸਟਰੇਲੀਆ ਰਹਿੰਦੇ ਹੋਏ ਰੇਡੀਓ 4eb ਤੇ ਹਰਮਨ ਰੇਡੀਓ ਅਤੇ ਇੰਡੋਜ਼ ਟੀ. ਵੀ. ਤੇ ਕੰਮ ਕੀਤਾ। ਇੰਡੋਜ਼ ਪੰਜਾਬੀ ਸਾਹਿਤ ਅਕਾਦਮੀ ਆਫ ਆਸਟਰੇਲੀਆ ਦੇ ਮੌਜੂਦਾ ਸਪੋਕਸਮੈਨ ਹਨ ਅਤੇ ਕਈ ਵਰ੍ਹੇ ਇਪਸਾ ਦੇ ਪ੍ਰਧਾਨ ਰਹੇ। ਪਿਛਲੇ 7 ਸਾਲਾਂ ਤੋਂ 'ਜਸਟਿਸ ਆਫ ਪੀਸ' (JP) ਦੀਆਂ ਸੇਵਾਵਾਂ ਆਸਟਰੇਲੀਆ ਰਹਿੰਦੇ ਹਰ ਨਾਗਰਿਕ ਲਈ ਦੇ ਰਹੇ ਹਨ।

ਬ੍ਰਿਸਬੇਨ ਆਸਟਰੇਲੀਆ
+61433681429

## ਡਾ. ਮਨਦੀਪ ਕੌਰ ਢੀਂਡਸਾ



ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ) ਵਿਖੇ ਅਸਿਸਟੈਂਟ ਪ੍ਰੋਫੈਸਰ ਵਜੋਂ 13 ਸਾਲ ਕਾਰਜਸ਼ੀਲ ਰਹਿਣ ਮਗਰੋਂ ਡਾ. ਮਨਦੀਪ ਕੌਰ ਢੀਂਡਸਾ ਨੇ ਅੱਜਕੱਲ੍ਹ ਆਸਟਰੇਲੀਆ ਦੇ ਐਡੀਲੇਡ ਸ਼ਹਿਰ ਨੂੰ ਆਪਣਾ ਰੈਣ ਬਸੇਰਾ ਬਣਾਇਆ ਹੋਇਆ ਹੈ। ਉਸ ਦੀਆਂ ਹੁਣ ਤਕ ਆਲੋਚਨਾ ਤੇ ਸੰਪਾਦਨਾ ਦੀਆਂ ਸੱਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਇੱਕ ਕਾਵਿ ਸੰਗ੍ਰਹਿ **ਅਹਿਸਾਸ** ਪ੍ਰਕਾਸ਼ਨਾ ਅਧੀਨ ਹੈ। 50 ਦੇ ਕਰੀਬ ਖੋਜ ਪਰਚੇ ਵੱਖ-ਵੱਖ ਪੁਸਤਕਾਂ ਤੇ ਖੋਜ ਮੈਗਜ਼ੀਨਾਂ ਵਿੱਚ ਛਪ ਚੁੱਕੇ ਹਨ। ਸਾਹਿਤਕ ਵਿਚਾਰ ਮੰਚ, ਫਤਹਿਗੜ੍ਹ ਚੂੜੀਆਂ ਦੀ ਸਾਬਕਾ ਜਨਰਲ ਸਕੱਤਰ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੈਂਬਰ ਵੀ ਹੈ। ਅੱਜਕੱਲ੍ਹ ਸਾਹਿਤ ਸੁਮੇਲ ਸਾਊਥ ਆਸਟ੍ਰੇਲੀਆ ਦੀ ਜਨਰਲ ਸਕੱਤਰ ਵਜੋਂ ਵੀ ਕਾਰਜਸ਼ੀਲ ਹੈ।

ਐਡੀਲੇਡ, ਆਸਟਰੇਲੀਆ
+61426093527

## ਸੁਖਜੀਤ ਸਿੰਘ ਔਲਖ



ਸੁਖਜੀਤ ਸਿੰਘ ਔਲਖ ਦੀ ਕਰਮਭੂਮੀ ਮੈਲਬਰਨ ਆਸਟਰੇਲੀਆ ਹੈ। **'ਆਖਰੀ ਵਿਆਹ'** ਉਸਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਕਿੱਤੇ ਵੱਜੋਂ ਉਹ ਟਰਾਂਸਪੋਰਟ ਅਤੇ ਇੰਮੀਗ੍ਰੇਸ਼ਨ ਮਹਿਕਮੇ ਨਾਲ ਜੁੜਿਆ ਹੋਇਆ ਹੈ ਇਸ ਦੇ ਨਾਲ ਨਾਲ ਉਹ ਰੋਜ਼ਾਨਾ ਪਹਿਰੇਦਾਰ (ਲੁਧਿਆਣਾ), ਦੇਸ਼ ਸੇਵਕ (ਚੰਡੀਗੜ੍ਹ), ਐਨ. ਜੈੱਡ ਪੰਜਾਬੀ ਨਿਊਜ (ਨਿਊਜੀਲੈਂਡ), ਦੇਸੀ ਇੰਜਣ(ਮੈਲਬਰਨ) ਅਖ਼ਬਾਰਾਂ ਲਈ ਪੱਤਰਕਾਰਤਾ ਵੀ ਕਰਦਾ ਹੈ। ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬਰਨ ਦਾ ਉਹ ਜਨਰਲ ਸਕੱਤਰ ਅਤੇ ਪੰਜਾਬੀ ਪ੍ਰੈੱਸ ਕਲੱਬ ਮੈਲਬਰਨ ਦਾ ਫਾਊਂਡਰ ਮੈਂਬਰ ਹੈ। ਵੱਖ-ਵੱਖ ਮੈਗਜ਼ੀਨਾਂ ਵਿੱਚ ਕਹਾਣੀਆਂ, ਲੇਖ, ਵਿਅੰਗ, ਇੰਟਰਵਿਊ ਆਦਿ ਛਪਦੇ ਰਹਿੰਦੇ ਹਨ। ਕੌਮੀ ਅਵਾਜ਼ ਰੇਡੀਓ 'ਤੇ 'ਦੇਸੀ ਗੱਲਾਂ ਦੇਸੀ ਲੋਕ' ਪ੍ਰੋਗਰਾਮ ਵੀ ਉਸ ਵੱਲੋਂ ਪੇਸ਼ ਕੀਤੇ ਜਾਂਦੇ ਹਨ।

ਮੈਲਬਰਨ, ਆਸਟਰੇਲੀਆ
0061401482848
sukh751@gmail.com

**ਜੀ. ਐਸ. ਰੁਪਾਣਾ**



ਜੀ. ਐਸ. ਰੁਪਾਣਾ ਸਾਹਿਤਕ ਅਦਾਰੇ ਸਾਹਿਤ ਸੁਮੇਲ ਸਾਊਥ ਆਸਟਰੇਲੀਆ ਦਾ ਸਰਗਰਮ ਮੈਂਬਰ ਹੈ ਜੋ ਪਿਛਲੇ 10 ਵਰ੍ਹਿਆਂ ਤੋਂ ਪਰਵਾਸ ਹੰਢਾ ਰਿਹਾ ਹੈ। **'ਤੈਨੂੰ ਇੱਕ ਖ਼ਤ ਲਿਖ ਦੇਵਾਂ'** ਰੁਪਾਣਾ ਦੀ ਪਲੇਠੀ ਕਾਵਿ ਪੁਸਤਕ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਪਰਵਾਸ ਦੀ ਤਪਸ਼ ਦਾ ਰੰਗ ਸਾਫ਼ ਝਲਕਦਾ ਹੈ।

ਐਡੀਲੇਡ, ਆਸਟਰੇਲੀਆ
+61404069979

**ਗਿੰਨੀ ਸਾਗੂ**



ਗਿੰਨੀ ਸਾਗੂ ਸੰਨ 2006 ਤੋਂ ਆਸਟਰੇਲੀਆ ਦੇ ਸ਼ਹਿਰ ਮੈਲਬਰਨ ਵਿਖੇ ਰਹਿ ਰਹੇ ਹਨ ਤੇ ਬਹੁਤ ਸਾਲਾਂ ਤੋਂ ਵੱਖ ਵੱਖ ਅਖ਼ਬਾਰਾਂ ਵਿੱਚ ਉਹ ਪੱਤਰਕਾਰ, ਲੇਖਕ ਦੇ ਨਾਲ ਰੇਡੀਓ ਤੇ ਵੀ ਸੇਵਾਵਾਂ ਦਿੰਦੇ ਆ ਰਹੇ ਹਨ। ਗਿੰਨੀ ਸਾਗੂ ਦਾ ਅਸਲ ਨਾਮ ਯੁੱਧਵੀਰ ਸਿੰਘ ਹੈ। ਗਿੰਨੀ ਸਾਗੂ ਦੀ ਇੱਕ ਕਿਤਾਬ **'ਅਣਡਿੱਠੀ ਦੁਨੀਆ'** ਛਪੀ ਹੈ। ਜਿਸ ਦੇ ਪਹਿਲੇ ਭਾਗ ਵਿੱਚ ਆਸਟਰੇਲੀਆ ਤੋਂ ਅਮਰੀਕਾ ਤੇ ਦੂਜੇ ਭਾਗ ਵਿੱਚ ਆਸਟਰੇਲੀਆ ਤੋਂ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਕੀਤੇ ਸਫ਼ਰ ਨੂੰ ਪੇਸ਼ ਕੀਤਾ ਗਿਆ ਹੈ।

ਮੈਲਬਰਨ , ਆਸਟਰੇਲੀਆ
0061403147322
ginni.sagoo@gmail.com

**ਹਰਜੀਤ ਕੌਰ ਸੰਧੂ**



ਪ੍ਰਸਿੱਧ ਗੀਤਕਾਰ ਸੁਰਜੀਤ ਸੰਧੂ ਦੀ ਹਮਸਫ਼ਰ ਹਰਜੀਤ ਕੌਰ ਸੰਧੂ ਵੀ ਸਾਹਿਤ ਵਿੱਚ ਰੁੱਚੀ ਰੱਖਦੀ ਹੈ। ਉਸ ਦੇ ਦੋ ਸਾਂਝੇ ਗ਼ਜ਼ਲ ਸੰਗ੍ਰਿਹਾਂ **ਸ਼ਬਦਾਂ ਦੀ ਪਰਵਾਜ਼, ਜਗਦੇ ਹਰਫ਼ਾਂ ਦੀ ਡਾਰ** ਵਿੱਚ 10-10 ਗਜ਼ਲਾਂ ਛਪ ਚੁੱਕੀਆ ਹਨ ਤੇ ਇੱਕ ਪਲੇਠੀ ਬਾਲ ਸਾਹਿਤ ਪੁਸਤਕ **ਵੱਡੇ-ਵੱਡੇ ਸੁਪਨੇ** ਵੀ ਪ੍ਰਕਾਸ਼ਿਤ ਹੋ ਚੁੱਕੀ ਹੈ।

ਬ੍ਰਿਸਬੇਨ, ਆਸਟਰੇਲੀਆ

**ਹਰਮਨਦੀਪ ਗਿੱਲ**



ਹਰਮਨਦੀਪ ਗਿੱਲ ਬ੍ਰਿਸਬੇਨ ਰਹਿੰਦਾ ਪੰਜਾਬੀ ਸ਼ਾਇਰ ਹੈ। ਉਸ ਦੇ ਦੋ ਕਾਵਿ ਸੰਗ੍ਰਹਿ **ਨਵੀਂ ਦੁਨੀਆ ਦੇ ਬਸ਼ਿੰਦਿਓ**, **ਸਨਦ ਰਹੇ ਯਾਰੋ** ਪ੍ਰਕਾਸ਼ਤ ਹੋ ਚੁੱਕੇ ਹਨ। ਮੈਗਜ਼ੀਨ ਤਾਸਮਨ ਦੇ ਮੁਖ ਸੰਪਾਦਕ ਵਜੋਂ ਵੀ ਉਹ ਕਾਰਜਸ਼ੀਲ ਹੈ।

ਬ੍ਰਿਸਬੇਨ, ਆਸਟਰੇਲੀਆ
+61430018118

**ਆਤਮਾ ਹੇਅਰ**



ਆਤਮਾ ਹੇਅਰ ਚਿੱਤਰਕਾਰ ਹੋਣ ਦੇ ਨਾਲ-ਨਾਲ ਸ਼ਬਦਾਂ ਦਾ ਵੀ ਸਿਰਜਕ ਹੈ। 1992 ਤੋਂ ਆਸਟਰੇਲੀਆ ਰਹਿ ਰਿਹਾ ਆਤਮਾ ਹੇਅਰ ਕਵਿਤਾ ਪੜਨ ਤੇ ਲਿਖਣ ਦੀ ਰੁਚੀ ਰੱਖਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਪੰਜਾਬੀ ਤੇ ਪੰਜਾਬੀਅਤ ਲਈ ਅਥਾਹ ਮੋਹ ਝਲਕਦਾ ਹੈ ਤੇ ਪਰਵਾਸੀ ਹੋਣ ਦੀ ਵੇਦਨਾ ਵੀ ਰੂਪਮਾਨ ਹੁੰਦੀ ਹੈ।

ਬ੍ਰਿਸਬੇਨ, ਆਸਟਰੇਲੀਆ
+61 434 298 680

**ਜੈਸਮੀਨ ਕੌਰ ਪੰਨੂ**



ਸਿਡਨੀ ਦੇ ਇੱਕ ਬੈਂਕ ਦੇ Financial Crime and fraud prevention department ਵਿੱਚ ਕਾਰਜਸ਼ੀਲ ਜੈਸਮੀਨ ਕੌਰ ਪੰਨੂ ਨੂੰ ਆਪਣੇ ਮਨ ਦੇ ਵਲਵਲੇ ਤੇ ਅਹਿਸਾਸ ਨੂੰ ਕਵਿਤਾ ਰਾਹੀਂ ਬਿਆਨ ਕਰਨ ਦਾ ਵਲ ਹੈ। ਉਸਦੀ ਕਵਿਤਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਦਮ ਭਰਦੀ ਹੈ। ਉਸਦੇ ਦੋ ਸਾਂਝੇ ਕਾਵਿ ਸੰਗ੍ਰਿਹ ਪ੍ਰਕਾਸ਼ਿਤ ਹੋਏ ਹਨ: **ਅਹਿਸਾਸਾਂ ਦੀ ਸਾਂਝ** ਤੇ **ਜਦੋਂ ਔਰਤ ਸ਼ਾਇਰ ਹੁੰਦੀ ਹੈ**। ਪੰਜਾਬੀ ਸੱਥ ਮੈਲਬਰਨ ਦੀ ਵਾਈਸ ਪ੍ਰੈਜ਼ੀਡੈਂਟ ਵਜੋਂ ਵੀ ਕਾਰਜਸ਼ੀਲ ਹੈ।

ਸਿਡਨੀ, ਆਸਟਰੇਲੀਆ
+61424172265

## ਹਰਜਿੰਦਰ ਸਿੰਘ ਗੁੱਲਪੁਰ



2013 ਤੋਂ ਹਰਜਿੰਦਰ ਸਿੰਘ ਗੁੱਲਪੁਰ ਆਸਟਰੇਲੀਆ ਦਾ ਵਾਸੀ ਹੈ। ਵਿਅੰਗਆਤਮਕ ਕਾਵਿ ਕਿਰਤਾਂ ਲਿਖਣ ਵਾਲਾ ਹਰਜਿੰਦਰ ਸਿੰਘ ਗੁੱਲਪੁਰ ਲੰਬਾ ਸਮਾਂ ਪੰਜਾਬੀ ਟ੍ਰਿਬਿਊਨ ਤੇ ਅਜੀਤ ਅਖ਼ਬਾਰ ਲਈ ਪੱਤਰਕਾਰੀ ਕਰਦਾ ਰਿਹਾ ਹੈ। 1998 ਤੋਂ 2011 ਤੱਕ ਅਜੀਤ ਅਖ਼ਬਾਰ ਦੇ ਸੰਪਾਦਕੀ ਪੰਨੇ ਤੇ **'ਮੂੰਹ ਆਈ ਬਾਤ'** ਕਾਲਮ ਅਧੀਨ ਵਿਅੰਗ ਲਿਖਦਾ ਰਿਹਾ ਹੈ। ਹੁਣ ਵੀ ਆਸਟਰੇਲੀਆ ਦੀਆਂ ਵੱਖ ਵੱਖ ਅਖ਼ਬਾਰਾਂ ਲਈ ਉਹ ਵਿਭਿੰਨ ਵਿਸ਼ਿਆਂ ਨਾਲ ਸੰਬੰਧਿਤ ਲੇਖ ਲਿਖਦੇ ਹਨ। ਕਾਵਿ ਵਿਅੰਗ ਤੋਂ ਇਲਾਵਾ ਉਹ ਚੰਗੇ ਕਵੀ ਵੀ ਹਨ।

ਆਸਟਰੇਲੀਆ
0411218801

## ਸੁਮੀਤ ਕੌਰ



ਮੋਹਾਲੀ ਦੀ ਜੰਮੀ ਜਾਈ ਤੇ ਅੱਜਕੱਲ੍ਹ ਮੈਲਬਰਨ ਵੱਸਦੀ ਸੁਮੀਤ ਕੌਰ ਇੱਕ ਬਹੁਪੱਖੀ ਸ਼ਖ਼ਸੀਅਤ ਦਾ ਨਾਮ ਹੈ ਇੰਡੀਆ ਰਹਿੰਦਿਆਂ ਕੰਪਿਊਟਰ ਇੰਜੀਨੀਅਰ ਵਜੋਂ ਕਾਰਜਸ਼ੀਲ ਸੀ। ਅੱਜ ਕੱਲ੍ਹ ਆਸਟਰੇਲੀਆ ਦੇ SBS PUNJABI ਨਾਲ ਜੁੜੀ ਹੋਈ ਹੈ। ਉਹ ਸਰਟੀਫਾਈਡ ਯੋਗਾ ਅਧਿਆਪਕ ਵੀ ਹੈ। ਸੁਮੀਤ ਕੌਰ ਨੂੰ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ ਕਵਿਤਾ ਲਿਖਣ ਦੀ ਮੁਹਾਰਤ ਹਾਸਿਲ ਹੈ। ਅਜੋਕੇ ਡਿਜੀਟਲ ਸਮੇਂ ਵਿੱਚ ਪੰਜਾਬੀ ਕਵਿਤਾ ਨੂੰ ਦਿਲਚਸਪ ਅਤੇ ਸਾਰਿਆਂ ਲਈ ਪਹੁੰਚਯੋਗ ਬਣਾਉਣ ਲਈ ਉਸਨੇ sounds of sahit ਨਾਂ ਦਾ ਇੱਕ ਯੂ-ਟਿਊਬ ਅਤੇ ਫੇਸਬੁਕ ਚੈਨਲ ਵੀ ਬਣਾਇਆ ਹੋਇਆ ਹੈ।

ਮੈਲਬਰਨ , ਆਸਟਰੇਲੀਆ
+61470120822

**ਯੋਧਾ ਧਾਲੀਵਾਲ**



ਆਸਟਰੇਲੀਆ ਦੇ ਮਿਲਬੂਰਾ ਸ਼ਹਿਰ ਦਾ ਵਾਸੀ ਬਣਿਆ ਯੋਧਾ ਸਿੰਘ ਧਾਲੀਵਾਲ ਪਿੰਡ ਸੈਦੋਕੇ ਜ਼ਿਲ੍ਹਾ ਮੋਗਾ ਦਾ ਜੰਮਪਲ ਹੈ।ਕਿਤਾਬਾਂ ਪੜ੍ਹਨੀਆਂ, ਇਤਿਹਾਸ ਬਾਰੇ ਜਾਨਣ ਦਾ ਸ਼ੌਕੀਨ ਹੈ। ਯੋਧੇ ਧਾਲੀਵਾਲ ਦੀ ਕਲਮ ਨੇ ਸੈਂਕੜੇ ਗੀਤ ਲਿਖੇ। ਰਵਿੰਦਰ ਗਰੇਵਾਲ ਦੀ ਆਵਾਜ਼ ਵਿੱਚ ਗਾਏ ਗੀਤ ਜਵਾਨੀ 1984 ਤੋਂ 2021 ਨੇ ਯੋਧੇ ਧਾਲੀਵਾਲ ਨੂੰ ਗੀਤਕਾਰੀ ਦੀ ਦੁਨੀਆਂ ਵਿੱਚ ਮਸ਼ਹੂਰ ਕਰ ਦਿੱਤਾ। ਯੋਧੇ ਧਾਲੀਵਾਲ ਦਾ ਹਰ ਗੀਤ ਪਰਿਵਾਰ ਵਿੱਚ ਬੈਠ ਕੇ ਸੁਨਣ ਵਾਲਾ ਅਤੇ ਸਮਾਜ ਨੂੰ ਸੇਧ ਦੇਣ ਵਾਲਾ ਹੁੰਦਾ ਹੈ।

ਆਸਟਰੇਲੀਆ
+61456471159

**ਮਧੂ ਤਨਹਾ**



ਪੰਜਾਬੀ ਸੱਥ ਮੈਲਬਰਨ ਦੇ ਪ੍ਰਧਾਨ ਵਜੋਂ ਸਰਗਰਮੀ ਨਾਲ ਕੰਮ ਕਰ ਰਹੀ ਮਧੂ ਤਨਹਾ ਬਹੁਤ ਸਾਰੇ ਸੱਭਿਆਚਾਰਕ ਅਤੇ ਕਾਵਿਕ ਪ੍ਰੋਗਰਾਮਾਂ ਦੀ ਮੇਜ਼ਬਾਨੀ ਵੀ ਕਰ ਚੁੱਕੀ ਹੈ। ਕੁਝ ਹੋਰ ਭਾਈਚਾਰਕ ਸੰਸਥਾਵਾਂ ਦੇ ਨਾਲ, ਉਸਨੇ ਕਮਿਊਨਿਟੀ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਅਤੇ ਕਮਿਊਨਿਟੀ ਮੁੱਦਿਆਂ ’ਤੇ ਖੁੱਲ੍ਹੇ ਟਾਕ ਸ਼ੋਅ ਦੀ ਮੇਜ਼ਬਾਨੀ ਕੀਤੀ। ਖਾਸ ਤੌਰ ’ਤੇ ਔਰਤਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨਾਲ ਸਬੰਧਤ ਰਹੀ ਮਧੂ ਤਨਹਾ ਨੇ ਭਾਰਤ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਵੀ ਕੰਮ ਕੀਤਾ ਹੈ, ਆਸਟਰੇਲੀਆ ਵਿੱਚ ਉਹ ਅਰਲੀ ਚਾਈਲਡਹੁੱਡ ਐਜੂਕੇਟਰ ਹੈ। ਉਸ ਦੀ ਹਾਲੇ ਤੱਕ ਕੋਈ ਕਿਤਾਬ ਨਹੀਂ ਛਪੀ ਕਿਉਂਕਿ ਉਹ ਆਪਣੇ ਆਪ ਨੂੰ ਕਵੀ ਨਹੀਂ ਪਾਠਕ ਸਮਝਦੀ ਹੈ। ਉਹ ਹਮੇਸ਼ਾ ਕਹਿੰਦੀ ਹੈ ‘ਖਰਾਬ ਲੇਖਕ ਨਾਲੋਂ ਵਧੀਆ ਪਾੜ੍ਹਾ ਬਣਨਾ ਬੇਹਤਰ ਹੈ’।

ਮੈਲਬਰਨ , ਆਸਟਰੇਲੀਆ
0425618270

**ਅਮਨ ਭੰਗੂ**



ਅਮਨ ਭੰਗੂ ਦਾ ਜਨਮ 1982 ਨੂੰ ਪਿੰਡ ਹਸਨਪੁਰ ਜ਼ਿਲ੍ਹਾ ਸੰਗਰੂਰ ਵਿੱਚ ਹੋਇਆ। 2004 ਵਿੱਚ ਉਹ ਆਪਣੀ ਮਾਸਟਰ ਡਿਗਰੀ ਲਈ ਆਸਟਰੇਲੀਆ ਚਲਾ ਗਿਆ। ਇੰਜੀਨੀਅਰ ਦੀ ਨੌਕਰੀ ਦੇ ਨਾਲ ਨਾਲ ਉਹ ਸਾਹਿਤ ਸਿਰਜਣਾ ਵਿੱਚ ਵੀ ਸਰਗਰਮ ਹੈ। 2010 ਵਿੱਚ ਉਸਦਾ ਪਲੇਠਾ ਕਾਵਿ ਸੰਗ੍ਰਹਿ **'ਅੱਖਰਾਂ ਦੇ ਸਿਰਨਾਵੇਂ'** ਪ੍ਰਕਾਸ਼ਿਤ ਹੋਇਆ। ਬਹੁਤ ਹੀ ਜਲਦ ਉਹ ਆਪਣਾ ਪਲੇਠਾ ਨਾਵਲ ਵੀ ਪਾਠਕਾਂ ਦੇ ਰੂ ਬ ਰੂ ਕਰੇਗਾ। ਭਵਿੱਖ ਵਿੱਚ ਉਹ ਡਾਕੂਮੈਂਟਰੀ ਤੇ ਲਘੂ ਫਿਲਮਾਂ ਦੇ ਨਿਰਮਾਣ ਦੀ ਵੀ ਯੋਜਨਾ ਬਣਾ ਰਿਹਾ ਹੈ। ਤਾਸਮਨ ਦੇ ਸਰਪਸ੍ਰਤ ਵਜੋਂ ਵੀ ਉਹ ਕਾਰਜਸ਼ੀਲ ਹੈ।

ਬ੍ਰਿਸਬੇਨ ਆਸਟਰੇਲੀਆ

**ਰਮਿੰਦਰ ਕੌਰ**



ਰਮਿੰਦਰ ਕੌਰ ਖਿਆਲਾ ਨਾਗਰਾ ਦੀ ਕਰਮ ਭੂਮੀ ਮੈਲਬਰਨ (ਆਸਟਰੇਲੀਆ) ਹੈ। ਕਿੱਤੇ ਵਜੋਂ ਉਹ ਨਰਸ ਹੈ। ਬੀ. ਐਸ. ਸੀ. ਨਰਸਿੰਗ ਡੀਕਨ ਯੂਨੀਵਰਸਿਟੀ ਮੈਲਬਰਨ ਤੋਂ ਕਰਨ ਉਪਰੰਤ ਉਹ ਫਰੈਂਕਸਟਨ ਹਸਪਤਾਲ ਮੈਲਬਰਨ ਵਿਖੇ ਹੀ ਆਪਣੀਆਂ ਸੇਵਾਵਾਂ ਨਿਭਾ ਰਹੀ ਹੈ। ਪੰਜਾਬੀ ਸਾਹਿਤ ਪੜ੍ਹਨ ਤੇ ਲਿਖਣ ਦਾ ਸ਼ੌਂਕ ਰੱਖਦੀ ਰਮਿੰਦਰ ਕੌਰ ਆਪਣੇ ਭਾਵਾਂ ਨੂੰ ਕਵਿਤਾ ਵਿੱਚ ਵਧੇਰੇ ਅਭਿਵਿਅਕਤ ਕਰਨ ਪਸੰਦ ਕਰਦੀ ਹੈ। ਜਲਦ ਹੀ ਉਹ ਆਪਣਾ ਪਲੇਠਾ ਕਾਵਿ ਸੰਗ੍ਰਹਿ ਪਾਠਕਾਂ ਸਨਮੁੱਖ ਪੇਸ਼ ਕਰੇਗੀ।

ਮੈਲਬਰਨ , ਆਸਟਰੇਲੀਆ

+614101515209

### ਜਿੰਦਰ ਬਰਾੜ



ਜਿੰਦਰ ਬਰਾੜ ਆਸਟਰੇਲੀਆ ਵੱਸਦਾ ਕਵੀ ਹੈ। ਪੰਜਾਬ ਵਿੱਚ ਉਹ ਪਿੰਡ ਰਾਮੂਵਾਲਾ ਜ਼ਿਲ੍ਹਾ ਬਠਿੰਡਾ ਦਾ ਵਸਨੀਕ ਹੈ। ਉਸ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਸਕੂਲ ਪੜ੍ਹਦਿਆਂ ਤੋਂ ਹੀ ਹੋ ਗਈ ਸੀ ਜਿਸ ਨੂੰ ਉਸ ਨੇ ਪਰਵਾਸ ਦੀ ਧਰਤੀ ਤੇ ਵੀ ਜਾਰੀ ਰੱਖਿਆ ਹੈ।

ਮੈਲਬਰਨ, ਆਸਟਰੇਲੀਆ
+61426219587



### ਹਰਕੀ ਵਿਰਕ

ਹਰਕੀ ਵਿਰਕ ਬ੍ਰਿਸਬੇਨ, ਆਸਟਰੇਲੀਆ ਵੱਸਦੀ ਪੰਜਾਬੀ ਕਵਿੱਤਰੀ ਹੈ। ਜਿਸ ਦਾ ਪਲੇਠਾ ਕਾਵਿ ਸੰਗ੍ਰਹਿ **ਤਿਤਲੀਆਂ ਦੀ ਵੇਦਨਾ** ਪ੍ਰਕਾਸ਼ਿਤ ਹੋ ਚੁੱਕਿਆ ਹੈ।

ਬ੍ਰਿਸਬੇਨ, ਆਸਟਰੇਲੀਆ

### ਮਨਦੀਪ ਬਰਾੜ



ਮਨਦੀਪ ਬਰਾੜ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦਾ ਪੁਰਾਣਾ ਵਿਦਿਆਰਥੀ ਰਿਹਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਮੈਲਬਰਨ ਦਾ ਵਾਸੀ ਬਣ ਗਿਆ ਹੈ ਭਾਵੇਂ ਉਸ ਦਾ ਅਜੇ ਕੋਈ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਨਹੀਂ ਹੋਇਆ। ਪਰ ਗਾਹੇ ਬਗਾਹੇ ਉਸਦੀਆਂ ਰਚਨਾਵਾਂ ਅਖਬਾਰਾਂ, ਮੈਗਜ਼ੀਨਾਂ ਤੋਂ ਇਲਾਵਾ ਫੇਸਬੁੱਕ 'ਤੇ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ। 2013 ਤੋਂ ਫੇਸਬੁੱਕ ਪੇਜ **ਕਵਿਤਾਵਾਂ ਬੋਲਦੀਆਂ** ਵੀ ਸ਼ੁਰੂ ਕੀਤਾ ਹੋਇਆ ਹੈ ਪੰਜਾਬੀ ਸੱਥ ਪਰਥ ਤੇ ਪੰਜਾਬੀ ਸੱਥ ਮੈਲਬਰਨ ਦਾ ਮੈਂਬਰ ਵੀ ਹੈ।

ਮੈਲਬਰਨ , ਆਸਟਰੇਲੀਆ
+61421002309

**ਜੱਗੀ ਜੌਹਲ**



ਪੰਜਾਬ ਦੇ ਪਿੰਡ ਜਨੇਤਪੁਰਾ ਲੁਧਿਆਣੇ ਜ਼ਿਲ੍ਹੇ ਦਾ ਜੰਮਪਲ ਜੱਗੀ ਜੌਹਲ ਪਿਛਲੇ 13 ਸਾਲ ਨਿਊਜ਼ੀਲੈਂਡ 'ਚ ਬਿਤਾਉਣ ਮਗਰੋਂ ਹੁਣ ਅਸਟਰੇਲੀਆ ਸੈਟਲ ਹੋਇਆ ਹੈ। ਹੁਣ ਤੱਕ ਜੱਗੀ ਦੀਆਂ ਤੀਹ ਕੁ ਦੇ ਕਰੀਬ ਗਜ਼ਲਾਂ ਵੱਖ-ਵੱਖ ਸਾਹਿਤਿਕ ਰਸਾਲਿਆਂ' ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਛਪ ਚੁੱਕੀਆਂ ਹਨ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਤੋਂ ਸੰਨ 2005-06 ਵਿੱਚ ਐਮ. ਏ. ਪੰਜਾਬੀ ਪਾਸ ਕੀਤੀ। ਤਿੰਨ ਲਘੂ ਸਟੇਜ ਡਰਾਮੇ ਵੀ ਲਿਖੇ ਤੇ ਖੇਡੇ। ਇਸ ਤੋਂ ਇਲਾਵਾ ਗੀਤਕਾਰੀ ਦਾ ਵੀ ਸ਼ੌਂਕ ਹੈ। ਜਲਦ ਹੀ ਪਲੇਠਾ ਗਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋਣ ਜਾ ਰਿਹਾ ਹੈ।

ਮੈਲਬਰਨ , ਆਸਟਰੇਲੀਆ
+61499937068

**ਵਰਿੰਦਰ ਅਲੀਸ਼ੇਰ**



ਵਰਿੰਦਰ ਅਲੀਸ਼ੇਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਹਮੇਸ਼ਾ ਸਰਗਰਮ ਰਹਿੰਦਾ ਹੈ। ਪੰਜਾਬੀ ਲੇਖਕ ਸਭਾ ਬ੍ਰਿਸਬੇਨ ਨਾਲ ਜੁੜਿਆ ਹੋਇਆ ਇਹ ਲੇਖਕ 'ਤਾਸਮਨ' ਮੈਗਜ਼ੀਨ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ ਵੀ ਹੈ।

ਵਰਿੰਦਰ ਅਲੀਸ਼ੇਰ
ਬ੍ਰਿਸਬੇਨ, ਆਸਟਰੇਲੀਆ

**ਹਰਜਿੰਦਰ ਜੌਹਲ**



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ ਰਹੇ ਹਰਜਿੰਦਰ ਜੌਹਲ ਨੂੰ ਪੰਜਾਬੀ ਕਵਿਤਾ ਨਾਲ ਅਥਾਹ ਮੁਹੱਬਤ ਹੈ। ਉਸਦਾ ਮੰਨਣਾ ਹੈ ਕਿ ਮਾਤ ਭਾਸ਼ਾ ਤੋਂ ਬਿਨਾਂ ਕਿਸੇ ਹੋਰ ਜ਼ੁਬਾਨ ਵਿੱਚ ਭਾਵਨਾਵਾਂ/ ਸੰਵੇਦਨਾਵਾਂ ਵਿਅਕਤ ਨਹੀਂ ਹੋ ਸਕਦੀਆਂ।

ਸਿਡਨੀ, ਆਸਟਰੇਲੀਆ
+61 415 802 503

**ਕੁਲਜੀਤ ਸਿੰਘ**



ਪੰਜਾਬ ਦੀ ਤਹਿਸੀਲ ਜ਼ੀਰਾ ਦਾ ਜੰਮਪਲ ਕੁਲਜੀਤ ਸਿੰਘ 2009 ਤੋਂ ਮੈਲਬਰਨ ਵਾਸੀ ਹੈ। ਬਰਜਿੰਦਰਾ ਕਾਲਜ ਫਰੀਦਕੋਟ ਵਿੱਚ ਪੜ੍ਹਦਿਆਂ ਉਹ ਆਪਣੇ ਕਾਲਜ ਮੈਗਜ਼ੀਨ ਦਾ ਐਡੀਟਰ ਵੀ ਰਿਹਾ। ਉਸਨੂੰ ਪੰਜਾਬੀ ਕਵਿਤਾ, ਗ਼ਜ਼ਲ ਅਤੇ ਗੀਤਕਾਰੀ ਦਾ ਸ਼ੌਂਕ ਹੈ। ਉਸਦੇ ਲਿਖੇ ਕੁਝ ਗੀਤ ਰਿਲੀਜ਼ ਵੀ ਹੋ ਚੁੱਕੇ ਹਨ।

ਸਿਡਨੀ, ਆਸਟਰੇਲੀਆ
+61421730802

**ਸੁਖਵੰਤ ਕੌਰ ਪੰਨੂ**



ਪਰਥ ਦੇ ਭਾਈਚਾਰੇ ਵਿੱਚ ਬਹੁਤ ਹੀ ਸਨਮਾਨਯੋਗ ਸਖ਼ਸ਼ੀਅਤ ਤੇ ਪੰਜਾਬੀ ਸੱਥ ਪਰਥ ਦੇ ਸਰਪ੍ਰਸਤ ਬੀਬੀ ਸੁਖਵੰਤ ਕੌਰ ਪੰਨੂ ਹੁਣ ਤੱਕ ਚਾਰ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਜਿਨ੍ਹਾਂ ਵਿੱਚ **ਖੱਟਾ ਮਿੱਠਾ ਜੀਵਨ** ਨਿਬੰਧ ਸੰਗ੍ਰਹਿ, **ਮਾਂ** ਨਿਬੰਧ ਸੰਗ੍ਰਹਿ, **ਮਧੋਲੀਆਂ ਕਲੀਆਂ** ਪ੍ਰਮੁੱਖ ਹਨ। ਉਨ੍ਹਾਂ ਕੋਲ ਸਾਂਝੇ ਪੰਜਾਬ ਦਾ ਤਜ਼ਰਬਾ ਹੈ ਅਤੇ ਵੰਡ ਦੇ ਦੁਖਾਂਤ ਨੂੰ ਅੱਖੀਂ ਡਿੱਠਾ ਤੇ ਹੱਡੀ-ਹੰਡਾਇਆ ਹੈ। ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਦੀ ਭਲਾਈ ਤੇ ਪੰਜਾਬੀ ਸਾਹਿਤ ਨੂੰ ਸਮਰਪਿਤ ਕੀਤੀ ਹੈ।

ਪਰਥ, ਆਸਟਰੇਲੀਆ

**ਕਪੂਰ ਕੌਰ ਜੱਗੀ**



ਕਪੂਰ ਕੌਰ ਜੱਗੀ, ਸਿਡਨੀ ਦੀ ਇੰਡੀਅਨ ਐਡਵੋਕੇਟ ਦੇ ਚੀਫ ਐਡੀਟਰ ਵਜੋਂ ਵੀ ਕਾਰਜਸ਼ੀਲ ਹੈ। ਉਸ ਦੀਆਂ ਦੋ ਪੁਸਤਕਾਂ ਇਹ **ਅੱਖਰ ਅਜਾਇਬ ਅਜਨਬੀ**, ਸੰਪਾਦਿਤ ਅਤੇ **ਮਲਵਈ ਉਪਭਾਸ਼ਾ ਇੱਕ ਅਧਿਐਨ** ਖੋਜ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਸਿਡਨੀ, ਆਸਟਰੇਲੀਆ
0420246283

**ਜੱਸੀ ਧਾਲੀਵਾਲ**



ਜੱਸੀ ਧਾਲੀਵਾਲ ਆਸਟਰੇਲੀਆ ਵੱਸਦੀ ਪੰਜਾਬੀ ਗਲਪਕਾਰ ਹੈ ਉਸਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ **ਦੇਸਣ, ਬਾਕੀ ਸਭ ਸੁੱਖ ਸਾਂਦ ਹੈ, ਟਰਾਫੀ ਵਾਈਫ** ਅਤੇ ਦੋ ਨਾਵਲ **ਸੁਖ਼ਨ ਲੋਕ, ਪੋਸਟ ਕਾਰਡ** ਪ੍ਰਕਾਸ਼ਤ ਹੋ ਚੁੱਕੇ ਹਨ। ਜੱਸੀ ਦੀਆਂ ਰਚਨਾਵਾਂ ਪਾਠਕਾਂ ਨੂੰ ਜ਼ਿੰਦਾ ਦਿਲੀ ਨਾਲ ਜ਼ਿੰਦਗੀ ਜਿਉਣ ਦਾ ਸੁਨੇਹਾ ਦਿੰਦੀਆਂ ਹਨ।

ਬੈਲਾਰਟ, ਆਸਟਰੇਲੀਆ

**ਗੁਰਪ੍ਰੀਤ ਕੌਰ ਭੰਗੂ**



2008 ਤੋਂ ਆਸਟਰੇਲੀਆ ਵਿੱਚ ਰਹਿ ਰਹੀ ਗੁਰਪ੍ਰੀਤ ਕੌਰ ਭੰਗੂ ਦਾ ਜਨਮ ਬਰਨਾਲਾ ਹੋਇਆ। ਉਸਨੇ ਐਮ. ਏ. ਅੰਗਰੇਜ਼ੀ ਦੇ ਨਾਲ ਨਾਲ ਕੰਪਿਊਟਰ ਪ੍ਰੋਗਰਾਮਿੰਗ ਵਿੱਚ ਪੋਸਟ ਗਰੈਜੂਏਟ ਡਿਪਲੋਮਾ ਕੀਤਾ। ਕਵਿਤਾ, ਕਹਾਣੀ ਤੇ ਨਾਟਕ ਉਸ ਦੀਆਂ ਮਨ ਪਸੰਦ ਸਾਹਿਤ ਵਿਧਾ ਹਨ।

ਐਡੀਲੇਡ, ਆਸਟਰੇਲੀਆ

**ਡਾ. ਹਰਪ੍ਰੀਤ ਸਿੰਘ**



ਡਾ. ਹਰਪ੍ਰੀਤ ਸਿੰਘ ਬਰਕਤ ਆਡੀਓ, ਡਿਜ਼ੀਟਲ ਮੈਗਜ਼ੀਨ ਦੇ ਸਰਪ੍ਰਸਤ ਅਤੇ ਬਰਕਤ ਚੈਨਲ ਦੇ ਡਾਇਰੈਕਟਰ ਡਾ. ਹਰਪ੍ਰੀਤ ਸਿੰਘ ਪੰਜਾਬੀ ਸਾਹਿਤ, ਗੁਰਬਾਣੀ ਅਤੇ ਰੰਗਮੰਚ ਵਿੱਚ ਵੀ ਦਿਲਚਸਪੀ ਰੱਖਦੇ ਹਨ। ਇਹਨਾਂ ਨੇ ਹੁਣ ਤੱਕ ਆਸਟਰੇਲੀਆ ਦੇ ਜਨ ਜੀਵਨ ਨੂੰ ਆਧਾਰ ਬਣਾ ਕੇ ਛੋਟੀਆਂ ਅਤੇ ਲੰਬੀਆਂ ਕਹਾਣੀਆਂ ਲਿਖੀਆਂ ਹਨ। ਰੇਡੀਓ ਅਤੇ ਟੀ. ਵੀ. ਤੇ ਹੁਣ ਤੱਕ ਅਨੇਕਾਂ ਹੀ ਵਿਚਾਰ ਚਰਚਾ ਕਰਵਾ ਚੁੱਕੇ ਹਨ।

ਮੈਲਬਰਨ, ਆਸਟਰੇਲੀਆ

**ਤਖਤਿੰਦਰ ਸਿੰਘ ਸੰਧੂ**



ਪਿਹੋਵਾ (ਹਰਿਆਣਾ) ਦੇ ਵਾਸੀ ਤੇ ਅੱਜਕੱਲ੍ਹ ਸਿਡਨੀ ਰਹਿੰਦੇ ਤਖਤਿੰਦਰ ਸਿੰਘ ਸੰਧੂ ਭਾਰਤੀ ਵਾਯੂ ਸੈਨਾ ਵਿੱਚ ਕਾਰਜਸ਼ੀਲ ਰਹੇ ਹਨ। ਬਹੁਤ ਸਾਰੇ ਗੀਤਾਂ ਦੇ ਰਚੇਤਾ ਵੀ ਹਨ। ਰਵਿੰਦਰ ਸਿੰਘ ਸੋਢੀ ਦੁਆਰਾ ਸੰਪਾਦਿਤ ਪੁਸਤਕ ਪਰਵਾਸੀ ਕਲਮਾਂ ਵਿੱਚ ਵੀ ਇਹਨਾਂ ਦੇ ਗੀਤ ਸ਼ਾਮਿਲ ਹਨ। 'ਦਾ ਪੰਜਾਬ ਹੈਰਾਲਡ' ਵਿੱਚ ਅਕਸਰ ਛਪਦੇ ਰਹਿੰਦੇ ਹਨ।


ਸਿਡਨੀ, ਆਸਟਰੇਲੀਆ

+917082037644


**ਵਿਕਰਮ ਚੀਮਾ, ਪਰਥ**



ਵਿਕਰਮ ਚੀਮਾ ਜ਼ਿਲ੍ਹਾ ਗੁਰਦਾਸ ਪੁਰ ਦੇ ਪਿੰਡ ਚੀਮਾ ਖੁੱਡੀ ਦਾ ਜੰਮਪਲ ਹੈ 2009 ਵਿੱਚ ਉਹ ਵਿਦਿਆਰਥੀ ਵੀਜ਼ਾ ਲੈ ਕੇ ਆਸਟਰੇਲੀਆ ਦੀ ਧਰਤੀ 'ਤੇ ਆਇਆ। ਉਸ ਦਾ ਪਹਿਲਾ ਕਾਵਿ ਸੰਗ੍ਰਹਿ **ਮਿੱਟੀ ਦੇ ਜਾਏ** ਪ੍ਰਕਾਸ਼ਿਤ ਹੋ ਚੁੱਕਾ ਹੈ ਜਿਸ ਵਿੱਚ 108 ਕਵਿਤਾਵਾਂ ਸ਼ਾਮਿਲ ਹਨ।


ਪਰਥ, ਆਸਟਰੇਲੀਆ

+614832992110


**ਮਨਜਿੰਦਰ ਸਿੰਘ**



ਮਨਜਿੰਦਰ ਸਿੰਘ ਧਰਮ ਦੇ ਵਿਆਖਿਆਕਾਰ ਹਨ ਤੇ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮਾਂ ਦੇ ਸੰਯੋਜਕ ਵੀ ਹਨ।


0481 200 545

manji.singh09@gmail.com

**ਹਰਲਾਲ ਸਿੰਘ**



ਜ਼ਿਲ੍ਹਾ ਮੋਗਾ ਦੇ ਜੰਮਪਲ ਹਰਲਾਲ ਸਿੰਘ 2009 ਵਿੱਚ ਪੜ੍ਹਾਈ ਕਰਨ ਲਈ ਆਸਟਰੇਲੀਆ ਆ ਵੱਸਿਆ। ਇੱਥੇ ਆਪਣੀ ਰੋਜ਼ੀ ਰੋਟੀ ਕਮਾਉਂਦਿਆਂ ਉਹਨਾਂ ਨੇ ਆਪਣੇ ਬਚਪਨ ਦੇ ਸ਼ੌਂਕ ਬੋਲੀਆਂ ਲਿਖਣ ਅਤੇ ਪਾਉਣ ਨੂੰ ਵੀ ਜਾਰੀ ਰੱਖਿਆ। ਆਸਟਰੇਲੀਆ ਵਿੱਚ ਉਹਨਾਂ ਨੇ ਪਰਥ ਸ਼ਹਿਰ ਦੀ ਪਹਿਲੀ ਮਲਵਈ ਗਿੱਧੇ ਦੀ ਟੋਲੀ ਕਾਇਮ ਕੀਤੀ। ਉਸ ਦੀਆਂ ਲਿਖੀਆਂ ਬੋਲੀਆਂ ਲੋਕ ਤੱਥਾਂ ਦੀਆਂ ਡੂੰਘੀਆਂ ਰਮਜ਼ਾਂ ਵਾਲੀਆਂ, ਕੁਦਰਤ ਦੀ ਸਾਂਭ ਸੰਭਾਲ ਅਤੇ ਮਾਨਵੀ ਰਿਸ਼ਤੀਆਂ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ।

ਹਰਲਾਲ ਸਿੰਘ
ਸੰਚਾਲਕ, ਪੰਜਾਬੀ ਸੱਥ ਪਰਥ ਐਸੋਸੀਏਸ਼ਨ
+61431024501

**ਜਸਵੀਰ ਸਿੰਘ**



ਜਸਵੀਰ ਸਿੰਘ ਦਾ ਸਾਹਿਤਕ ਨਾਂ ਸ੍ਰੀ ਸਰਹਾਲੀ ਹੈ। ਸਕੂਲ ਪੜ੍ਹਦਿਆਂ ਹੀ ਉਹਨਾਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲਗੀ ਅਤੇ ਇਸ ਤੋਂ ਬਾਅਦ ਉਹ ਆਪ ਵੀ ਸਾਹਿਤ ਸਿਰਜਣਾ ਵੱਲ ਰੁਚਿਤ ਹੋ ਗਏ। ਆਸਟਰੇਲੀਆ ਜਾ ਕੇ ਵੀ ਉਹਨਾਂ ਨੇ ਆਪਣੇ ਇਸ ਸੌਂਕ ਨੂੰ ਬਰਕਰਾਰ ਰੱਖਿਆ।

ਆਸਟਰੇਲੀਆ

**ਬਲਵਾਨ ਸਿੰਘ ਬਰਾੜ**



ਬਲਵਾਨ ਸਿੰਘ ਬਰਾੜ ਨੇ ਸਾਹਿਤ ਹਲਕਿਆਂ ਵਿੱਚ ਇੱਕ ਗੀਤਕਾਰ ਵਜੋਂ ਆਪਣੀ ਪਛਾਣ ਕਾਇਮ ਕੀਤੀ ਹੈ। ਉਹ ਜਿਥੇ ਚਲੰਤ ਮਸਲਿਆਂ ਬਾਰੇ ਲਿਖਦਾ ਹੈ ਉੱਥੇ ਹੀ ਉਸ ਦੀ ਗਾਇਕੀ ਲੋਕ ਹਿੱਤ ਨਾਲ ਜੁੜੀ ਹੋਈ ਹੈ।

ਆਸਟਰੇਲੀਆ
+61470217067

**ਹਰਦੀਪ ਭੰਗੂ**



ਸਿਡਨੀ ਵੱਸਦੇ ਹਰਦੀਪ ਭੰਗੂ ਦੇ ਦੋ ਕਾਵਿ ਸੰਗ੍ਰਹਿ **ਪੀੜਾਂ ਦੇ ਪਰਛਾਵੇਂ** ਅਤੇ **ਦਰਦਾਂ ਦੇ ਦਰਿਆ** ਪ੍ਰਕਾਸ਼ਿਤ ਹੋ ਚੁੱਕੇ ਹਨ।

ਸਿਡਨੀ, ਆਸਟਰੇਲੀਆ
+61415087298

**ਹਰਮੰਦਰ ਕੰਗ**



ਮੈਲਬਰਨ ਵੱਸਦੇ ਹਰਮੰਦਰ ਕੰਗ ਦਾ ਇੱਕ ਨਿਬੰਧ ਸੰਗ੍ਰਹਿ **ਵੱਖਰੀ ਮਿੱਟੀ ਵੱਖਰੇ ਰੰਗ** ਪ੍ਰਕਾਸ਼ਿਤ ਹੋ ਚੁੱਕਾ ਹੈ।

ਮੈਲਬਰਨ, ਆਸਟਰੇਲੀਆ



**ਮੋਹਣ ਸਿੰਘ ਮਲਹਾਂਸ**
ਐਡੀਲੇਡ, ਆਸਟਰੇਲੀਆ



**ਤਵਿੰਦਰਵੀਰ ਗਰੇਵਾਲ**
ਮੈਲਬੌਰਨ, ਆਸਟਰੇਲੀਆ
+61 412 279 077



**ਪਾਲ ਰਾਊਕੇ**
ਸਿਡਨੀ, ਆਸਟਰੇਲੀਆ
+61450477300

**ਗਿਆਨੀ ਮਿਹਰ ਸਿੰਘ, ਸਿਡਨੀ**
1) ਪ੍ਰਭ ਮਿਲਨੇ ਕਾ ਚਾਉ ਵਾਰਤਕ, 2) ਆਪ ਸਹਾਈ ਹੋਆ ਵਾਰਤਕ
3) ਤੇਰੀ ਉਪਮਾ ਤੋਹਿ ਬਣ ਆਈ ਵਾਰਤਕ, 4) ਤੁਮਰੀ ਮਹਿਮਾ ਬਰਦਿ ਨਾ ਸਾਕ ਵਾਰਤਕ

**ਅਮਨਦੀਪ ਸਿੰਘ, ਵੂਲਗੂਲਗਾ**
1) ਮੁੰਦਾਵਣੀ ਗੁਰਮਤਿ ਸਾਹਿਤ

**ਵਿਜੈ ਕੁਮਾਰ, ਮੈਲਬਰਨ**
1) ਸਮਾਈਲ੍ਹ ਨਾਵਲ
2) ਰੂਹ ਦਾ ਸਾਗਰ ਕਹਾਣੀ ਸੰਗ੍ਰਹਿ

**ਮਰਹੂਮ ਐਸ ਸਾਕੀ, ਸਿਡਨੀ**



ਐਸ ਸਾਕੀ ਪੰਜਾਬੀ ਸਾਹਿਤਕ ਜਗਤ ਵਿੱਚ ਲੇਖਕ, ਕਹਾਣੀਕਾਰ ਅਤੇ ਨਾਵਲਕਾਰ ਵਜੋਂ ਜਾਣੇ ਜਾਂਦੇ ਹਨ। 1986 ਵਿੱਚ ਆਪਣੇ ਪਹਿਲੇ ਕਹਾਣੀ-ਸੰਗ੍ਰਹਿ ਇੱਕ ਬਟਾ ਦੋ ਆਦਮੀ ਨਾਲ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰਕੇ ਉਹਨਾਂ ਨੇ 13 ਕਹਾਣੀ ਸੰਗ੍ਰਹਿ ਅਤੇ 6 ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਂਝ ਤਾਂ ਉਹਨਾਂ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਮਹਿੰਦਰਾ ਕਾਲਜ ਪਟਿਆਲਾ ਵਿੱਚ ਪੜ੍ਹਦਿਆਂ ਹੀ ਹੋ ਗਈ ਸੀ ਜਦੋਂ ਉਹਨਾਂ ਦੀਆਂ ਕਹਾਣੀਆਂ, ਪ੍ਰੀਤਲੜੀ, ਕਹਾਣੀ ਤੇ ਪੰਜ ਦਰਿਆ ਵਿੱਚ ਪ੍ਰਕਾਸ਼ਿਤ ਹੁੰਦੀਆਂ ਸਨ। ਆਪਣੇ ਆਖ਼ਰੀ ਸਮੇਂ ਉਹ ਆਸਟਰੇਲੀਆ ਸਿਡਨੀ ਵਿਖੇ ਰਹਿ ਰਹੇ ਸਨ।

**ਐਸ ਸਾਕੀ ਦੀਆਂ ਰਚਨਾਵਾਂ ਦਾ ਵੇਰਵਾ:**

**ਕਹਾਣੀ ਸੰਗ੍ਰਹਿ:**ਬਹੁਰੂਪੀਆ, ਪਹਿਲਾ ਦਿਨ, ਨਾਨਕ ਦੁੱਖੀਆ ਸਭ ਸੰਸਾਰ, ਮੋਹਨ ਲਾਲ ਸੋ ਗਿਆ, ਦੁਰਗਤੀ, ਨੰਗੀਆਂ ਲੱਤਾਂ ਵਾਲਾ ਮੁੰਡਾ, ਦੇਵੀ ਦੇਖਦੀ ਸੀ, ਕਰਮਾਂ ਵਾਲੀ, ਬਾਪੂ ਦੀ ਚਰਖਾ, ਮੁੜ ਨਰਕ, ਇਕੱਤੀ ਕਹਾਣੀਆਂ, ਦੋ ਬਲਦੇ ਸਿਵੇ, ਮੰਗਤੇ, ਖਾਲ਼ੀ ਕਮਰਾ ਨੰਬਰ ਬਿਆਸੀ, ਇੱਕ ਤਾਰਾ ਚਮਕਿਆ, ਇੱਕ ਬਟਾ ਦੋ ਆਦਮੀ

**ਨਾਵਲ:** ਵੱਡਾ ਆਦਮੀ, ਛੋਟਾ ਸਿੰਘ, ਨਿਕਰਮੀ, ਮੇਲੋ, ਭੱਖੜੇ, ਇਹ ਇੱਕ ਕੁ, ਰੰਡੀ ਦੀ ਧੀ, ਅੱਜ ਦਾ ਅਰਜਨ, ਰਖੇਲ, ਹਮ ਚਾਕਰ ਗੋਬਿੰਦ ਕੇ, ਸ਼ੇਰਨੀ, ਬੇਗਮ, ਬੇਦਖ਼ਲ,

## ਸੱਜਣ ਮੇਰੇ ਰੰਗੁਲੇ

# ਪਰਵਾਸੀ ਪੰਜਾਬੀ ਸਾਹਿਤਕਾਰ : ਅਜੀਤ ਰਾਹੀ

ਡਾ. ਕੇਵਲ ਸਿੰਘ ਪਰਵਾਨਾ

ਪਰਵਾਸੀ ਪੰਜਾਬੀ ਲੇਖਕ ਜਿਹੜੇ ਸਰੀਰਕ ਤੌਰ ’ਤੇ ਸਾਡੇ ਤੋਂ ਵਿੱਛੜ ਚੁੱਕੇ ਹਨ ਤੇ ਜਿਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਨੂੰ ਸਥਾਪਿਤ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਹਿੱਤ ‘ਪਰਵਾਸ’ ਦੇ ਹਰੇਕ ਅੰਕ ਵਿੱਚ ਅਸੀਂ ਉਨ੍ਹਾਂ ਦੇ ਜੀਵਨ ਤੇ ਸਾਹਿਤਕ ਦੇਣ ਸਬੰਧੀ ਨਿਬੰਧਾਂ ਦੀ ਲੜੀ ਸ਼ੁਰੂ ਕੀਤੀ ਹੈ ਤਾਂ ਜੋ ਇਹ ਵਿੱਛੜੇ ਸਾਹਿਤਕਾਰ ਸਾਡੇ ਚੇਤਿਆਂ ਵਿੱਚ ਹਮੇਸ਼ਾ ਜੀਵੰਤ ਰਹਿਣ। ਇਸ ਤੋਂ ਪਹਿਲਾਂ ਸਵਰਨ ਚੰਦਨ, ਸਾਥੀ ਲੁਧਿਆਣਵੀ, ਕੇਸਰ ਸਿੰਘ ਕੇਸਰ, ਦਰਸ਼ਨ ਧੀਰ, ਰਘੁਬੀਰ ਢੰਡ ਅਤੇ ਸ਼ਿਵਚਰਨ ਗਿੱਲ ਪ੍ਰਕਾਸ਼ਿਤ ਕਰ ਚੁੱਕੇ ਹਾਂ। ਇਸ ਅੰਕ ਵਿੱਚ ਅਜੀਤ ਰਾਹੀ ਦੀ ਸਾਹਿਤਕ ਦੇਣ ਸੰਬੰਧੀ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ



ਅਜੀਤ ਰਾਹੀ

ਡਾ. ਕੇਵਲ ਸਿੰਘ ਪਰਵਾਨਾ ਨੇ ਸਰਕਾਰੀ ਕਾਲਜ ਮੁਕਤਸਰ, ਤਰਨਤਾਰਨ ਅਤੇ ਭੁਲੱਥ(ਕਪੂਰਥਲਾ) ਵਿਖੇ 28 ਸਾਲ ਪ੍ਰਾਧਿਆਪਕ ਵਜੋਂ ਕਾਰਜਸ਼ੀਲ ਰਹਿਣ ਉਪਰੰਤ ਗੁਰੂ ਨਾਨਕ ਕਾਲਜ, ਬਟਾਲਾ ਅਤੇ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ, ਸੀਚੇਵਾਲ ਵਿਖੇ ਅੱਠ ਸਾਲ ਬਤੌਰ ਪ੍ਰਿੰਸੀਪਲ ਸੇਵਾ ਕੀਤੀ। ਉਹ ਮਾਨਵਵਾਦੀ ਰਚਨਾ ਮੰਚ (ਰਜਿ.), ਪੰਜਾਬ ਦੇ ਪ੍ਰਧਾਨ ਹਨ। ਉਹਨਾਂ ਦੀਆਂ ਸਾਹਿਤਕ-ਕ੍ਰਿਤਾਂ ਦਾ ਵੇਰਵਾ ਇਸ ਪ੍ਰਕਾਰ ਹੈ- ਤੁਰਦੀ ਫਿਰਦੀ ਅੱਗ, ਕਾਲੇ ਹਾਸ਼ੀਏ, ਚਾਨਣ ਦੇ ਹਰਫ਼ (ਕਾਵਿ-ਸੰਗ੍ਰਹਿ), ਮੌਸਮ ਮੇਰਾ ਨਹੀਂ (ਕਹਾਣੀ-ਸੰਗ੍ਰਹਿ), ਦਿਸ਼ਾ (ਨਾਵਲ), ਬਦੇਸ਼ੀ ਪੰਜਾਬੀ ਸਾਹਿੱਤ: ਨਸਲਵਾਦੀ ਪਰਿਪੇਖ, ਆਧੁਨਿਕਤਾ ਅਤੇ ਆਧੁਨਿਕ ਕਾਵਿ-ਪ੍ਰਵਿਰਤੀਆਂ (ਆਲੋਚਨਾ), ਧਰਤੀ ਦਾ ਸਵਰਗ: ਬਰਤਾਨੀਆ (ਸਫਰਨਾਮਾ), ਆਪਣਾ ਦੀਪਕ ਆਪ: ਡਾ. ਭੀਮ ਰਾਉ ਅੰਬੇਡਕਰ (ਜੀਵਨੀ), ਆਲਮ-ਕਾਵਿ: ਗੁਰਦਾਸ ਰਾਮ ਆਲਮ ਦੀ ਕਵਿਤਾ (ਸਹਿ-ਸੰਪਾਦਨਾ)।



ਡਾ. ਕੇਵਲ ਸਿੰਘ ਪਰਵਾਨਾ

## ਸੱਜਣ ਮੇਰੇ ਰੰਗੁਲੇ: ਅਜੀਤ ਰਾਹੀ

ਅਜੀਤ ਰਾਹੀ ਪੰਜਾਬੀ ਸਾਹਿੱਤ ਦਾ ਇੱਕ ਸਰਬਪੱਖੀ ਲੇਖਕ ਹੋਇਆ ਹੈ ਜੋ ਪਿਛਲੇ ਵਰ੍ਹੇ, 2021 ਵਿੱਚ ਸਾਨੂੰ ਸਦਾ ਲਈ ਵਿਛੋੜਾ ਦੇ ਗਿਆ ਹੈ ਅਤੇ ਸਾਡੇ ਲਈ ਢੇਰ ਸਾਰੀਆਂ ਕਵਿਤਾ, ਨਾਵਲ ਅਤੇ ਵਾਰਤਕ ਦੀਆਂ ਪੁਸਤਕਾਂ ਦਾ ਖਜ਼ਾਨਾ ਛੱਡ ਗਿਆ ਹੈ।ਉਹ ਇੱਕ ਅਜਿਹਾ ਸ਼ਖਸ ਸੀ ਜੋ ਸਾਰੀ ਉਮਰ ਸੰਘਰਸ਼ ਕਰਦਾ ਰਿਹਾ ਅਤੇ ਸੰਘਰਸ਼ ਦੇ ਰਾਹ 'ਤੇ ਚੱਲਦਿਆਂ ਉਸਨੂੰ ਪੰਜਾਬ ਪੁਲਿਸ ਦੇ ਘੋਰ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਆਖ਼ਿਰ ਉਸ ਨੂੰ ਆਪਣਾ ਦੇਸ਼ ਛੱਡ ਕੇ ਬਦੇਸ਼ (ਆਸਟਰੇਲੀਆ) ਜਾਣਾ ਪਿਆ, ਤਦੇ ਹੀ ਉਸ ਦਾ ਇਸ ਤਸ਼ੱਦਦ ਤੋਂ ਖਹਿੜਾ ਛੁੱਟ ਸਕਿਆ ਅਤੇ ਉਹ ਆਰਾਮ ਨਾਲ ਪੰਜਾਬੀ ਸਾਹਿੱਤ ਦੀ ਸੇਵਾ ਕਰ ਸਕਿਆ।

ਅਜੀਤ ਰਾਹੀ ਦਾ ਜਨਮ 02-08-1938 ਨੂੰ ਪਾਕਿਸਤਾਨ ਬਣਨ ਤੋਂ ਪਹਿਲਾਂ, ਉਧਰਲੇ ਨਾਨਕੇ ਪਿੰਡ ਸਮਰਾ ਜੰਡਿਆਲਾ, ਜ਼ਿਲਾ ਲਾਇਲਪੁਰ ਵਿੱਚ ਹੋਇਆ।ਉਸ ਦਾ ਦਾਦਕਾ ਪਿੰਡ ਉਥੋਂ ਤਿੰਨ ਕੁ ਮੀਲ ਦੂਰ ਮੁਕੰਦਪੁਰ ਸੀ।ਉਸ ਦੇ ਦਾਦਕੇ ਅਤੇ ਨਾਨਕੇ ਜੱਟ-ਜ਼ਿੰਮੀਦਾਰ ਸਨ ਜੋ ਖੇਤੀ ਕਰਦੇ ਸਨ।ਉਹ ਰੌਲਿਆਂ ਵੇਲੇ ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਵਿੱਚ ਆਏ ਸਨ।ਏਧਰ ਉਨ੍ਹਾਂ ਨੂੰ ਪੰਜਾਬ ਦੇ ਦੁਆਬਾ ਇਲਾਕੇ ਵਿੱਚ ਨਵਾਂ ਸ਼ਹਿਰ ਤੋਂ ਤਿੰਨ-ਚਾਰ ਮੀਲ ਦੂਰ 'ਸਾਉਨਾ' ਪਿੰਡ ਵਿੱਚ ਜ਼ਮੀਨ ਅਲਾਟ ਹੋਈ ਸੀ ਜਿਸ ਨੂੰ ਆਮ ਤੌਰ ਤੇ ਲੋਕ 'ਸੋਨਾ' ਹੀ ਬੋਲਦੇ ਸਨ।ਏਧਰ ਆ ਕੇ ਵੀ ਰਾਹੀ ਦੇ ਪਿਤਾ ਜੀ ਖੇਤੀਬਾੜੀ ਦਾ ਧੰਦਾ ਹੀ ਕਰਦੇ ਸਨ ਪਰ ਘਰ ਵਿੱਚ ਗਰੀਬੀ ਬਹੁਤ ਸੀ।

ਅਜੀਤ ਰਾਹੀ ਏਧਰ ਆ ਕੇ ਪੜ੍ਹਨ ਲੱਗਾ।ਸਕੂਲ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੀ ਦਾਦੀ ਪਾਸੋਂ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਫਿਰ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਹੋ ਗਿਆ।ਪਿੰਡ ਦੇ ਸਕੂਲ ਦਾ ਮਹੌਲ ਠੀਕ ਨਾ ਹੋਣ ਕਾਰਨ ਦੂਜੀ ਜਮਾਤ ਵਿੱਚ ਰਾਹੀ ਦੇ ਪਿਤਾ ਸ. ਸਰਵਣ ਸਿੰਘ ਜੀ ਇਸ ਨੂੰ ਡਿਸਟ੍ਰਿਕ ਬੋਰਡ ਐਂਗਲੋ ਵਰਨੈਕੁਲਰ ਸਕੂਲ ਨਵਾਂ ਸ਼ਹਿਰ ਵਿਖੇ ਦਾਖ਼ਲ ਕਰਵਾ ਆਏ। ਜਲਦੀ ਹੀ ਉਨ੍ਹਾਂ ਦਾ ਸਕੂਲ ਦਸਵੀਂ ਜਮਾਤ ਤੱਕ ਹੋ ਗਿਆ ਸੀ ਅਤੇ ਹੁਣ ਸਕੂਲ ਦਾ ਨਾਮ ਐਮ. ਬੀ. ਹਾਈ ਸਕੂਲ ਸੀ।ਇਸ ਲਈ ਰਾਹੀ ਨੇ ਏਸੇ ਹੀ ਸਕੂਲ ਤੋਂ ਦਸਵੀਂ ਜਮਾਤ ਪਾਸ ਕੀਤੀ।ਸਕੂਲ ਵਿੱਚ ਉਹ ਹਾਕੀ ਦੀ ਟੀਮ ਦਾ ਕੈਪਟਨ ਵੀ ਸੀ। ਫਿਰ ਉਹ ਅਗਲੀ ਪੜ੍ਹਾਈ ਲਈ ਆਰੀਆ ਕਾਲਜ ਨਵਾਂ ਸ਼ਹਿਰ ਵਿੱਚ ਦਾਖ਼ਲ ਹੋ ਗਿਆ।

ਅਜੀਤ ਰਾਹੀ ਉਦੋਂ ਸੱਤਵੀਂ ਕਲਾਸ ਵਿੱਚ ਪੜ੍ਹਦਾ ਸੀ ਜਦੋਂ ਉਸ ਨੇ ਪਹਿਲੀ ਕਵਿਤਾ ਲਿਖੀ।ਕਵਿਤਾ ਪੜ੍ਹਨ ਦਾ ਸ਼ੌਕ ਤਾਂ ਉਸਨੂੰ ਬਚਪਨ ਤੋਂ ਹੀ ਸੀ।ਉਸ ਨੂੰ ਕਿਸੇ ਕਿਤਾਬ ਜਾਂ ਅਖ਼ਬਾਰ ਵਿੱਚੋਂ ਜਿਹੜੀ ਕਵਿਤਾ ਚੰਗੀ ਲਗਦੀ ਉਹੋ ਹੀ ਉਹ ਯਾਦ ਕਰ ਲੈਂਦਾ ਤੇ ਪਿੰਡ ਦੇ ਗੁਰਦੁਆਰੇ ਜਾਂ ਸਕੂਲ ਵਿੱਚ ਬੋਲਦਾ। ਇੱਕ ਵਾਰ ਪਿੰਡ ਦੇ

## ਸੱਜਣ ਮੇਰੇ ਰੰਗੁਲੇ: ਅਜੀਤ ਰਾਹੀ

ਗੁਰਦੁਆਰੇ ਵਿੱਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਣਾ ਸੀ। ਅਜੀਤ ਰਾਹੀ ਨੇ ਠਾਣ ਲਿਆ ਕਿ ਇਸ ਵਾਰ ਉਸ ਨੇ ਕਵਿਤਾ ਆਪਣੀ ਲਿਖੀ ਹੀ ਬੋਲਣੀ ਹੈ। ਗੁਰਪੁਰਬ ਤੋਂ ਇੱਕ ਰਾਤ ਪਹਿਲਾਂ ਉਸ ਨੇ ਪੰਜਾਬੀ ਦੇ ਲੋਕ ਗੀਤ ਟੱਪਿਆਂ ਦੀ ਤਰਜ਼ 'ਤੇ ਇੱਕ ਧਾਰਮਿਕ ਕਵਿਤਾ ਲਿਖੀ ਅਤੇ ਅਗਲੇ ਦਿਨ ਉਹ ਗੁਰਪੁਰਬ ਦੇ ਮੌਕੇ ਪੇਸ਼ ਕਰ ਦਿੱਤੀ, ਜੋ ਸਰੋਤਿਆਂ ਵਲੋਂ ਕਾਫ਼ੀ ਸਲਾਹੀ ਗਈ।ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਨਵਾਂ ਸ਼ਹਿਰ ਦੇ ਵੱਡੇ ਗੁਰਦੁਆਰੇ ਵਿੱਚ ਇੱਕ ਹੋਰ ਕਵਿਤਾ ਆਪ ਲਿਖ ਕੇ ਬੋਲੀ ਤੇ ਪਹਿਲਾ ਇਨਾਮ ਹਾਸਲ ਕੀਤਾ। ਇਸ ਤੋਂ ਬਾਅਦ ਉਸ ਦਾ ਹੌਸਲਾ ਵਧ ਗਿਆ ਤੇ ਉਸ ਨੂੰ ਕਵਿਤਾ ਲਿਖਣ ਦੀ ਲਗਨ ਲੱਗ ਗਈ। ਉਹ ਜਦੋਂ ਨੌਵੀਂ ਕਲਾਸ ਵਿੱਚ ਪੜ੍ਹਦਾ ਸੀ ਤਾਂ ਉਸ ਦੀ ਇੱਕ ਕਵਿਤਾ ਆਲ ਇੰਡੀਆ ਰੇਡੀਓ ਜਲੰਧਰ ਤੋਂ ਦੇਹਾਤੀ ਪ੍ਰੋਗਰਾਮ ਵਿੱਚ ਵੀ ਬਰੌਡਕਾਸਟ ਹੋਈ ਸੀ ਅਤੇ ਇਹ ਕਵਿਤਾ ਪੜ੍ਹਨ ਬਦਲੇ ਉਸ ਨੂੰ ਰੇਡੀਓ ਸਟੇਸ਼ਨ ਵਾਲਿਆਂ ਪੈਸੇ ਵੀ ਦਿੱਤੇ ਸਨ।

ਅਜੀਤ ਰਾਹੀ ਦਸਵੀਂ ਜਮਾਤ ਪਾਸ ਕਰਨ ਉਪਰੰਤ, ਅਗਲੀ ਪੜ੍ਹਾਈ ਲਈ ਆਰੀਆ ਕਾਲਜ, ਨਵਾਂ ਸ਼ਹਿਰ ਵਿੱਚ ਦਾਖ਼ਲ ਹੋ ਗਿਆ।ਉਸ ਨੂੰ ਕਾਲਜ ਦੀ ਪੜ੍ਹਾਈ ਦੌਰਾਨ ਕਈ ਕਾਲਜਾਂ ਵਿੱਚ ਕਰਵਾਏ ਜਾਂਦੇ ਕਵਿਤਾ ਮੁਕਾਬਲਿਆਂ ਵਿੱਚ ਕਵਿਤਾ ਪੜ੍ਹਨ ਲਈ ਭੇਜਿਆ ਜਾਂਦਾ ਸੀ, ਜਿਨ੍ਹਾਂ ਵਿੱਚੋਂ ਉਹ ਇਨਾਮ ਜਿੱਤ ਕੇ ਲਿਆਉਂਦਾ।ਉਹ ਐਨ. ਸੀ. ਸੀ. ਦੇ ਕੈਂਪ ਵੀ ਦੂਰ-ਦੁਰਾਡੇ ਸਥਾਨਾਂ 'ਤੇ ਲਾਉਂਦਾ ਰਿਹਾ।ਉਸ ਨੂੰ ਲੀਡਰੀ ਦਾ ਰੰਗ ਤਾਂ ਸਕੂਲ ਵਿੱਚ ਹੀ ਚੜ੍ਹ ਗਿਆ ਸੀ।ਉਹ ਅਧਿਆਪਕਾਂ ਵਲੋਂ ਵਿਦਿਆਰਥੀਆਂ ਨਾਲ ਕੀਤੇ ਜਾਂਦੇ ਵਿਤਕਰੇ ਅਤੇ ਧੱਕਿਆਂ ਖ਼ਿਲਾਫ਼ ਅਵਾਜ਼ ਉਠਾਉਂਦਾ ਰਹਿੰਦਾ ਸੀ ਅਤੇ ਉਨ੍ਹਾਂ ਵਿਰੁੱਧ ਹੜਤਾਲਾਂ ਕਰਵਾਉਂਦਾ ਰਹਿੰਦਾ ਸੀ। ਉਸ ਦੀ ਇਹ ਲੀਡਰੀ ਕਾਲਜ ਆ ਕੇ ਹੋਰ ਵੀ ਚਮਕ ਪਈ, ਏਥੇ ਉਸ ਨੇ ਵਿਦਿਆਰਥੀ ਯੂਨੀਅਨ ਬਣਾ ਲਈ ਅਤੇ ਕਾਲਜ ਪ੍ਰਬੰਧਕ ਕਮੇਟੀ ਤੇ ਪ੍ਰਿੰਸੀਪਲ ਵਿਰੁੱਧ ਧਰਨੇ ਦੇਣ ਅਤੇ ਹੜਤਾਲਾਂ ਕਰਨ ਦੇ ਪ੍ਰੋਗਰਾਮ ਅਕਸਰ ਹੀ ਚੱਲਦੇ ਰਹਿੰਦੇ। ਅਜੀਤ ਰਾਹੀ ਨੇ ਇੱਕ ਵਾਰ ਪ੍ਰਿੰਸੀਪਲ ਦੇ ਵਿਰੁੱਧ ਮਰਨ ਵਰਤ ਵੀ ਰੱਖਿਆ ਸੀ। ਯੂਨੀਅਨ ਕਿਸੇ ਕੰਮ ਲਈ ਗੱਲਬਾਤ ਕਰਨ ਲਈ ਪ੍ਰਿੰਸੀਪਲ ਪਾਸ ਗਈ ਸੀ, ਉਸ ਨੇ ਵਿਦਿਆਰਥੀ ਯੂਨੀਅਨ ਦੇ ਸਕੱਤਰ ਨੂੰ ਗਾਲਾਂ ਕੱਢ ਦਿੱਤੀਆਂ ਸਨ।ਯੂਨੀਅਨ ਨੇ ਹੜਤਾਲ ਕਰ ਦਿੱਤੀ ਤੇ ਦਸੰਬਰ ਦੇ ਪੇਪਰਾਂ ਦਾ ਬਾਈਕਾਟ ਕਰ ਦਿੱਤਾ। ਪ੍ਰਿੰਸੀਪਲ ਨੇ ਤਿੰਨ ਵਿਦਿਆਰਥੀ ਕਾਲਜ ਵਿੱਚੋਂ ਕੱਢ ਦਿੱਤੇ। ਅਜੀਤ ਰਾਹੀ ਅਤੇ ਇੱਕ ਹੋਰ ਵਿਦਿਆਰਥੀ ਨੂੰ ਦੋ ਦੋ ਸੌ ਰੁਪਏ ਜੁਰਮਾਨਾ ਅਤੇ ਐਨ. ਸੀ. ਸੀ. ਵਿੱਚੋਂ ਸਸਪੈਂਡ ਕਰ ਦਿੱਤਾ ਗਿਆ। ਮਰਨ ਵਰਤ ਦੇ ਅੱਠ ਦਿਨਾਂ ਬਾਅਦ ਕੁਝ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੇ ਪ੍ਰਿੰਸੀਪਲ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕਰਵਾਇਆ ਅਤੇ ਰਾਹੀ

ਦੀ ਭੁੱਖ ਹੜਤਾਲ ਖੁਲ੍ਹਵਾਈ ਸੀ।ਪਰ ਪ੍ਰਿੰਸੀਪਲ ਨੇ ਸਾਲਾਨਾ ਇਮਤਿਹਾਨ ਵੇਲੇ ਅਜੀਤ ਰਾਹੀ ਦੀਆਂ ਹਾਜ਼ਰੀਆਂ ਘੱਟ ਹੋਣ ਦਾ ਬਹਾਨਾ ਲਾ ਕੇ ਉਸ ਨੂੰ ਰੋਲ ਨੰਬਰ ਨਾ ਦਿੱਤਾ ਅਤੇ ਛੇ ਹੋਰ ਵਿਦਿਆਰਥੀ ਵੀ ਇਸ ਬਦਲੇ ਦਾ ਸ਼ਿਕਾਰ ਹੋਏ।ਉਦੋਂ ਰਾਹੀ ਕਾਲਜ ਵਿੱਚ ਦੂਜੇ ਸਾਲ ਦਾ ਵਿਦਿਆਰਥੀ ਸੀ।

ਇਸ ਘਟਨਾ ਉਪਰੰਤ ਰਾਹੀ ਕਮਿਉਨਿਸਟ ਪਾਰਟੀ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਸੀ। ਰੂਸ ਦੇ ਨੌਜਵਾਨਾਂ ਦਾ ਇੱਕ ਡੈਲੀਗੇਸ਼ਨ ਨਵੇਂ ਸ਼ਹਿਰ ਆ ਰਿਹਾ ਸੀ।ਅਜੀਤ ਰਾਹੀ ਨੂੰ ਇਸ ਡੈਲੀਗੇਸ਼ਨ ਦੀ ਸਵਾਗਤੀ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ। ਰਾਹੀ ਅਤੇ ਉਸ ਦੇ ਸਾਥੀਆਂ ਰਾਤ ਦਿਨ ਏਨੀ ਮਿਹਨਤ ਕੀਤੀ ਕਿ ਬਹੁਤ ਵੱਡਾ ਇਕੱਠ ਹੋ ਗਿਆ।ਇਸ ਤੋਂ ਖੁਸ਼ ਹੋ ਕੇ ਭਾਗ ਸਿੰਘ ਕੈਨੇਡੀਅਨ ਨੇ ਰਾਹੀ ਨੂੰ ਭਾਰਤੀ ਕਮਿਉਨਿਸਟ ਪਾਰਟੀ ਦਾ ਹੋਲਟਾਈਮਰ (ਕੁੱਲਵਕਤੀ ਕਾਮਾ) ਬਣਾ ਕੇ ਜਲੰਧਰ ਭੇਜ ਦਿੱਤਾ। ਉਥੇ ਰਾਹੀ 'ਨਵਾਂ ਜ਼ਮਾਨਾ' ਪੰਜਾਬੀ ਅਖ਼ਬਾਰ ਦੇ ਦਫ਼ਤਰ ਉੱਪਰ ਅਵਤਾਰ ਸਿੰਘ 'ਮਲਹੋਤਰਾ' ਦੇ ਨਾਲ ਦੇ ਕਮਰੇ ਵਿੱਚ ਰਹਿਣ ਲੱਗ ਪਿਆ ਅਤੇ ਉਸ ਨੂੰ ਪਾਰਲੀਮੈਂਟਰੀ ਸੈਕਟਰੀ ਦੀ ਡਿਊਟੀ ਦਿੱਤੀ ਗਈ।ਵਿਹਲੇ ਸਮੇਂ 'ਤੇ 'ਨਵਾਂ ਜ਼ਮਾਨਾ' ਅਖ਼ਬਾਰ ਦਾ ਵੀ ਕੰਮ ਕਰਨਾ ਹੁੰਦਾ ਸੀ।ਰਾਹੀ ਪਾਰਲੀਮੈਂਟਰੀ ਸੈਕਟਰੀ ਹੋਣ ਕਰਕੇ ਕਮਿਉਨਿਸਟ ਪਾਰਟੀ ਦੇ ਵੱਖ ਵੱਖ ਐਮ. ਐਲ. ਏਜ਼. ਨੂੰ ਅਸੈਂਬਲੀ ਸਵਾਲ ਭੇਜਦਾ ਰਹਿੰਦਾ ਸੀ। ਚੰਡੀਗੜ੍ਹ ਬੱਜਟ ਸੈਸ਼ਨ ਚੱਲ ਰਿਹਾ ਸੀ ਅਤੇ ਬੱਜਟ ਵਿੱਚ ਲੱਗੇ ਨਵੇਂ ਟੈਕਸਾਂ ਵਿਰੁੱਧ ਪਾਰਟੀ ਵਲੋਂ ਅਸੈਂਬਲੀ ਹਾਲ ਮੂਹਰੇ ਮੁਜ਼ਾਹਰਾ ਕੀਤਾ ਗਿਆ। ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ।ਰਾਹੀ ਵੀ ਮੁਜ਼ਾਹਰੇ ਵਿੱਚ ਸ਼ਾਮਲ ਸੀ ਅਤੇ ਭਾਗ ਸਿੰਘ ਕੈਨੇਡੀਅਨ ਨੂੰ ਬਚਾਉਂਦਿਆਂ ਰਾਹੀ ਨੂੰ ਵੀ ਡਾਂਗਾਂ ਖਾਣੀਆਂ ਪਈਆਂ ਸਨ। ਰਾਹੀ ਅਗਲੇ ਦਿਨ ਭਾਗ ਸਿੰਘ ਕੈਨਡੀਅਨ ਨੂੰ ਲੈ ਕੇ ਸੰਸਾਰ ਅਮਨ ਕੌਂਸਲ ਵਿੱਚ ਭਾਗ ਲੈਣ ਲਈ ਦਿੱਲੀ ਚਲਾ ਗਿਆ ਕਿਉਂਕਿ ਰਾਹੀ ਪੰਜਾਬ ਤੋਂ ਇਸ ਕਾਨਫਰੰਸ ਲਈ ਡੈਲੀਗੇਟ ਵੀ ਸੀ।ਦਿੱਲੀ ਤੋਂ ਜਲੰਧਰ ਪਹੁੰਚਦਿਆਂ ਹੀ ਪਤਾ ਲੱਗਾ ਕਿ ਰਾਹੀ ਦੇ ਪੁਲਿਸ ਨੇ ਗ੍ਰਿਫਤਾਰੀ ਵਰੰਟ ਕੱਢੇ ਹੋਏ ਸਨ, ਇਸ ਲਈ ਉਸ ਨੂੰ ਅੰਡਰ ਗਰਾਊਂਡ ਹੋਣਾ ਪਿਆ।ਗਰਮ ਮਿਜਾਜ਼ ਕਾਮਰੇਡ ਤੇਜਾ ਸਿੰਘ 'ਸੁਤੰਤਰ' ਦੇ ਵੀ ਵਰੰਟ ਨਿਕਲੇ ਹੋਏ ਸਨ, ਕਮਿਉਨਿਸਟ ਪਾਰਟੀ ਵਾਲੇ ਉਸ ਨੂੰ ਪਸੰਦ ਨਹੀਂ ਕਰਦੇ ਸਨ।'ਸੁਤੰਤਰ' ਦੇ ਕਹਿਣ 'ਤੇ ਚੋਣਾਂ ਨੇੜੇ ਹੋਣ ਕਾਰਨ ਵਰੰਟ ਖ਼ਤਮ ਕਰਵਾਉਣ ਲਈ ਮੁਜ਼ਾਹਰੇ ਕੀਤੇ ਗਏ ਸਨ।ਰਾਹੀ ਨੂੰ ਮੁਜ਼ਾਹਰਿਆਂ ਵਿੱਚ ਭਾਗ ਲੈਣ ਬਦਲੇ ਕਮਿਉਨਿਸਟ ਪਾਰਟੀ ਵਿੱਚੋਂ ਇਸ ਲਈ ਕੱਢ ਦਿੱਤਾ ਗਿਆ ਕਿ ਉਸ ਨੇ ਤੇਜਾ ਸਿੰਘ 'ਸੁਤੰਤਰ' ਦੀ ਹੱਕੀ ਮੰਗ ਦੀ ਹਮਾਇਤ ਕਿਉਂ ਕੀਤੀ।

## ਸੱਜਣ ਮੇਰੇ ਰੰਗੁਲੇ: ਅਜੀਤ ਰਾਹੀ

ਉਦੋਂ ਅਜੀਤ ਰਾਹੀ ਕੋਲ ਸਿਰਫ ਚਾਰ ਰੁਪਏ ਸਨ ਜੋ ਉਸ ਨੂੰ ਉਸ ਦਾ ਹਿਸਾਬ ਕਰਕੇ ਦਿੱਤੇ ਗਏ ਪਰ ਚਾਹ ਵਾਲੇ ਨੂੰ ਦੇ ਕੇ ਰਾਹੀ ਕੋਲ ਸਿਰਫ ਦੋ ਆਨੇ ਬਚੇ ਸਨ।ਉਹ ਨਿੰਮੋਝੂਣਾ ਤੁਰਿਆ ਜਾ ਰਿਹਾ ਸੀ ਕਿ ਉਸ ਦੀ ਨਜ਼ਰ 'ਫੁਲਵਾੜੀ ਗਿਆਨੀ ਕਾਲਜ' 'ਤੇ ਪਈ।ਉਹ ਕਾਲਜ ਦੇ ਅੰਦਰ ਗਿਆ ਤਾਂ ਅੱਗੇ ਇੱਕ ਬਜ਼ੁਰਗ ਬੈਠੇ ਸਨ ਪਰ ਕਾਲਜ ਉਨ੍ਹਾਂ ਦਾ ਪੁੱਤਰ ਗਿਆਨੀ ਰਣਧੀਰ ਸਿੰਘ ਚਲਾਉਂਦਾ ਸੀ ਜੋ ਖਾਣਾ ਖਾ ਕੇ ਉਸੇ ਵੇਲੇ ਆਇਆ ਸੀ ਅਤੇ ਉਸ ਦੇ ਪਿਤਾ ਜੀ ਚਲੇ ਗਏ ਸਨ।ਅਜੀਤ ਰਾਹੀ ਨੇ ਉਨ੍ਹਾਂ ਨਾਲ ਗਿਆਨੀ ਕਰਨ ਦੀ ਗੱਲ ਕੀਤੀ ਅਤੇ ਆਪਣੀ ਸਾਰੀ ਹਾਲਤ ਵੀ ਦੱਸੀ।ਉਸ ਨੇ ਵੀਹ ਰੁਪਏ ਰਾਹੀ ਨੂੰ ਦਿੱਤੇ ਅਤੇ ਕਿਹਾ ਕਿ ਉਹ ਬੁਧੀਮਾਨੀ ਦੀ ਕਲਾਸ ਪੜ੍ਹਾ ਦਿਆ ਕਰੇ ਅਤੇ ਉਨ੍ਹਾਂ ਵਿਦਿਆਰਥੀਆਂ ਦੀ ਸਾਰੀ ਫੀਸ ਰੱਖ ਲਿਆ ਕਰੇ। ਉਸ ਨੂੰ ਕਾਲਜ ਵਿੱਚ ਹੀ ਰਿਹਾਇਸ਼ ਲਈ ਇੱਕ ਕਮਰਾ ਵੀ ਦੇ ਦਿੱਤਾ ਜਿੱਥੇ ਰਾਹੀ ਨੇ ਆਪਣਾ ਮੰਜਾ ਬਿਸਤਰਾ ਲਿਆ ਕੇ ਰੱਖ ਲਿਆ।ਗਿਆਨੀ ਰਣਧੀਰ ਸਿੰਘ ਨੇ ਦੱਸਿਆ ਕਿ ਕਮਿਉਨਿਸਟ ਪਾਰਟੀ ਨੇ ਉਨ੍ਹਾਂ ਦੇ ਪਿਤਾ ਸ. ਹੀਰਾ ਸਿੰਘ 'ਦਰਦ' ਨਾਲ ਵੀ ਇੰਜ ਹੀ ਕੀਤਾ ਸੀ।ਰਾਹੀ ਇਹ ਜਾਣ ਕੇ ਬਹੁਤ ਹੈਰਾਨ ਤੇ ਖੁਸ਼ ਹੋਇਆ ਕਿ ਉਸ ਨੇ ਇੱਕ ਮਹਾਨ ਸਾਹਿੱਤਕਾਰ ਦੇ ਦਰਸ਼ਨ ਕੀਤੇ ਹਨ।ਰਾਹੀ ਵੱਖ ਵੱਖ ਥਾਵਾਂ ਤੋਂ ਆਉਂਦੇ ਸੱਦਿਆਂ 'ਤੇ ਕਵੀ ਦਰਬਾਰਾਂ ਵਿੱਚ ਵੀ ਸ਼ਿਰਕਤ ਕਰਦਾ ਰਿਹਾ ਅਤੇ ਉਥੋਂ ਮਿਲਦੇ ਪੈਸਿਆਂ ਨਾਲ ਆਪਣਾ ਗੁਜ਼ਾਰਾ ਚਲਾਉਂਦਾ ਰਿਹਾ।

ਰਾਹੀ ਨੇ ਗਿਆਨੀ ਪਾਸ ਕਰ ਲਈ ਸੀ ਤੇ ਹੁਣ ਉਹ ਗਿਆਨੀ ਦੀਆਂ ਕਲਾਸਾਂ ਵੀ ਲੈਣ ਲੱਗ ਪਿਆ ਸੀ।ਗਿਆਨੀ ਦੀ ਕਲਾਸ ਵਿੱਚ ਕਪੂਰਥਲਾ ਸ਼ਹਿਰ ਤੋਂ ਵੀ ਚਾਰ ਵਿਦਿਆਰਥੀ ਆਉਂਦੇ ਸਨ।ਇੱਕ ਦਿਨ ਉਹ ਰਾਹੀ ਨੂੰ ਕਹਿਣ ਲੱਗੇ ਕਿ ਉਹ ਉਨ੍ਹਾਂ ਨੂੰ ਕਪੂਰਥਲੇ ਜਾ ਕੇ ਪੜ੍ਹਾ ਦਿਆ ਕਰਨ।ਰਾਹੀ ਮੰਨ ਗਿਆ ਪਰ ਇੱਕ ਜਣੇ ਦੀ ਫੀਸ ਸੌ ਰੁਪਿਆ ਦੱਸੀ, ਉਹ ਦੇਣ ਨੂੰ ਤਿਆਰ ਹੋ ਗਏ।ਇਸ ਤਰ੍ਹਾਂ ਪਹਿਲੀ ਅਪ੍ਰੈਲ 1962 ਨੂੰ ਰਾਹੀ ਨੇ ਕਪੂਰਥਲੇ ਜਾਣਾ ਸ਼ੁਰੂ ਕਰ ਦਿੱਤਾ ਅਤੇ ਮਹੀਨੇ ਬਾਅਦ ਉਥੇ ਆਪਣਾ 'ਅਜੀਤ ਗਿਆਨੀ ਕਾਲਜ' ਖੋਹਲ ਲਿਆ। ਇਥੇ ਧਨਪਤ ਰਾਏ ਐਂਡ ਸੰਨਜ਼ ਜਲੰਧਰ ਵਾਲਿਆਂ ਨੇ ਬੁਧੀਮਾਨੀ, ਵਿਦਵਾਨੀ ਅਤੇ ਗਿਆਨੀ ਦੀਆਂ ਗਾਈਡਾਂ ਲਿਖਣ ਦਾ ਕੰਮ ਵੀ ਦੇ ਦਿੱਤਾ।ਇਸ ਤਰ੍ਹਾਂ ਰਾਹੀ ਦੀ ਆਰਥਿਕ ਹਾਲਤ ਕਾਫ਼ੀ ਚੰਗੀ ਹੋ ਗਈ ਸੀ।ਇਥੇ ਹੀ ਉਸ ਨੂੰ ਖਾਲਸਾ ਕਮਾਲੀਆ ਹਾਈ ਸਕੂਲ ਵਿੱਚ ਸੱਠ ਰੁਪਏ ਮਹੀਨਾ ਤਨਖ਼ਾਹ 'ਤੇ ਗਿਆਨੀ ਟੀਚਰ ਦੀ ਨੌਕਰੀ ਵੀ ਮਿਲ ਗਈ। ਦੋ ਕੁ ਸਾਲਾਂ ਬਾਅਦ ਕਿਸੇ ਗੱਲ ਤੋਂ ਹੈਡਮਾਸਟਰ ਨਾਲ ਝਗੜਾ ਹੋਣ ਕਾਰਨ ਰਾਹੀ ਨੇ ਅਸਤੀਫ਼ਾ ਦੇ ਦਿੱਤਾ ਅਤੇ ਐਮ. ਡੀ. ਐਸ. ਡੀ. ਹਾਈ ਸਕੂਲ ਕਪੂਰਥਲੇ ਓਨੀ ਤਨਖ਼ਾਹ 'ਤੇ ਜਾ ਲੱਗਾ।

## ਸੱਜਣ ਮੇਰੇ ਰੰਗੁਲੇ: ਅਜੀਤ ਰਾਹੀ

ਅਜੀਤ ਰਾਹੀ ਜਦੋਂ ਫੁਲਵਾੜੀ ਕਾਲਜ ਜਲੰਧਰ ਵਿੱਚ ਬੁੱਧੀਮਾਨੀ ਦੀਆਂ ਕਲਾਸਾਂ ਨੂੰ ਪੜ੍ਹਾਉਂਦਾ ਹੁੰਦਾ ਸੀ ਤਾਂ ਬੁੱਧੀਮਾਨੀ ਦੀ ਕਲਾਸ ਵਿੱਚ ਨੇੜੇ ਦੇ ਪਿੰਡ ਰੰਧਾਵਾ ਮਸੰਦਾਂ ਤੋਂ ਇੱਕ ਲੜਕੀ ਨਿਰਵੈਰ ਵੀ ਦਾਖ਼ਲ ਹੋਈ ਸੀ, ਹੌਲੀ ਹੌਲੀ ਦੋਵਾਂ ਨੂੰ ਇੱਕ ਦੂਜੇ ਨਾਲ ਪਿਆਰ ਹੋ ਗਿਆ।ਉਹ ਬੁੱਧੀਮਾਨੀ ਕਰਕੇ ਜਲੰਧਰ ਹੀ ਸਿਲਾਈ ਟੀਚਰ ਦਾ ਕੋਰਸ ਕਰਨ ਲੱਗ ਪਈ।ਜਦੋਂ ਰਾਹੀ ਕਪੂਰਥਲੇ ਆ ਗਿਆ ਤਾਂ ਉਨ੍ਹਾਂ ਦਿਨਾਂ ਵਿੱਚ ਹੀ ਨਿਰਵੈਰ ਨੂੰ ਕਪੂਰਥਲਾ ਜ਼ਿਲੇ ਦੇ ਪਿੰਡ ਲੱਖਣ ਕੇ ਪੱਡੇ ਸਿਲਾਈ ਟੀਚਰ ਦੀ ਨੌਕਰੀ ਮਿਲ ਗਈ।ਜਦੋਂ ਘਰ ਵਿੱਚ ਨਿਰਵੈਰ ਦੇ ਵਿਆਹ ਦੀ ਗੱਲ ਚੱਲੀ ਤਾਂ ਨਿਰਵੈਰ ਨੇ ਆਪਣੇ ਮਾਪਿਆਂ ਨੂੰ ਰਾਹੀ ਬਾਰੇ ਦੱਸਿਆ।ਇੱਕ ਦਿਨ ਉਹ ਰਾਹੀ ਨੂੰ ਦੇਖਣ ਲਈ ਨਿਰਵੈਰ ਨਾਲ ਕਪੂਰਥਲੇ ਆਏ, ਉਨ੍ਹਾਂ ਨੂੰ ਰਾਹੀ ਪਸੰਦ ਆ ਗਿਆ ਤੇ ਤੇਈ ਅਪ੍ਰੈਲ, 1963 ਨੂੰ ਉਨ੍ਹਾਂ ਦਾ ਵਿਆਹ ਹੋ ਗਿਆ।ਹੁਣ ਉਹ ਕਪੂਰਥਲਾ ਦੇ ਫਤਿਹ ਬਜ਼ਾਰ ਵਿੱਚ ਮਕਾਨ ਕਿਰਾਏ ’ਤੇ ਲੈ ਕੇ ਰਹਿਣ ਲੱਗ ਪਏ।ਜੁਲਾਈ, 1965 ਵਿੱਚ ਉਨ੍ਹਾਂ ਦੇ ਘਰ ਇੱਕ ਬੇਟੇ ਰਾਜਪਾਲ ਨੇ ਜਨਮ ਲਿਆ ਤੇ ਰਾਹੀ ਦੀ ਪਹਿਲੀ ਕਾਵਿ-ਪੁਸਤਕ ‘ਸਿਲੇਹਾਰ’ ਵੀ ਉਸ ਦਿਨ ਹੀ ਛਪ ਕੇ ਆਈ ਸੀ। ਬਾਅਦ ਵਿੱਚ ਉਨ੍ਹਾਂ ਦੇ ਘਰ ਇੱਕ ਬੇਟੀ ਨਵਜੋਤ ਅਤੇ ਇੱਕ ਹੋਰ ਬੇਟੇ ਰਾਜਬੀਰ ਨੇ ਜਨਮ ਲਿਆ।ਕਪੂਰਥਲੇ ਰਹਿੰਦਿਆਂ ਰਾਹੀ ਆਪਣਾ ਘਰ ਅਤੇ ਖੇਤੀ ਕਰਨ ਲਈ ਜ਼ਮੀਨ ਵੀ ਲੈ ਲਈ।

ਕਪੂਰਥਲਾ ਵਿੱਚ ਉਸ ਦਾ ਸਾਹਿਤਕ ਦਾਇਰਾ ਕਾਫ਼ੀ ਵਧ ਗਿਆ।ਸੁਰਜੀਤ ਪਾਤਰ ਉਨ੍ਹਾਂ ਦਿਨਾਂ ਵਿੱਚ ਸਰਕਾਰੀ ਰਣਧੀਰ ਕਾਲਜ, ਕਪੂਰਥਲਾ ਵਿੱਚ ਹੀ ਪੜ੍ਹਦਾ ਹੁੰਦਾ ਸੀ, ਉਸ ਨਾਲ ਵੀ ਮੁਲਾਕਾਤਾਂ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ।ਰੇਡਿਓ ਸਟੇਸ਼ਨ, ਜਲੰਧਰ ਦਾ ਪ੍ਰੋਡਿਊਸਰ ਸੋਹਨ ਸਿੰਘ ਮੀਸ਼ਾ, ਸੁਰਿੰਦਰ ਗਿੱਲ, ਸਰਦਾਰ ਬਸਰਾ, ਹਰਭਜਨ ਹੁੰਦਲ, ਕੰਵਰ ਇਮਤਿਆਜ਼, ਕ੍ਰਿਸ਼ਨ ਕੰਵਲ ‘ਇਮਰੋਜ਼’ ਆਦਿਕ ਨਾਲ ਵਾਹ ਪੈਂਦਾ ਹੀ ਰਹਿੰਦਾ। ਏਥੋਂ ਹੀ ਅਜੀਤ ਰਾਹੀ ਨੇ ਸੁਰਜੀਤ ਪਾਤਰ ਅਤੇ ਇਮਰੋਜ਼ ਨਾਲ ਰਲ ਕੇ “ਰੂਪ ਰੇਖਾ” ਨਾਮ ਦਾ ਪਰਚਾ ਵੀ ਕੱਢਿਆ।ਸਲਾਹ ਮਸ਼ਵਰਾ ਦੇਣ ਲਈ ਕਈ ਵਾਰ ਮੋਹਨਜੀਤ ਅਤੇ ਨਿਰਮਲ ‘ਅਰਪਣ’ ਵੀ ਆ ਜਾਂਦੇ ਸਨ। ਪਰਚੇ ਵਿੱਚ ਉਪਰੋਕਤ ਕਵੀਆਂ ਤੋਂ ਬਿਨਾਂ ਡਾ. ਹਰਿਭਜਨ ਸਿੰਘ, ਤਾਰਾ ਸਿੰਘ ‘ਕਾਮਲ’, ਸ਼ਿਵ ਕੁਮਾਰ ‘ਬਟਾਲਵੀ’, ਜਗਤਾਰ, ਕੰਵਰ ਸੁਖਦੇਵ, ਆਦਿਕ ਛਪਦੇ ਸਨ ਪਰ ਇਸ਼ਤਿਹਾਰਾਂ ਤੋਂ ਬਿਨਾਂ ਪਰਚਾ ਜਲਦੀ ਹੀ ਦਮ ਤੋੜ ਗਿਆ।

ਅਜੀਤ ਰਾਹੀ ਨੇ ਜ਼ਿਲਾ ਕਪੂਰਥਲਾ ਦੇ ਪ੍ਰਾਈਵੇਟ ਸਕੂਲਾਂ ਦੀ ਟੀਚਰ ਯੂਨੀਅਨ ਵੀ ਖੜੀ ਕੀਤੀ।ਇੱਕ ਦਿਨ ਸਕੂਲੇ ਉਸ ਨੂੰ ਪੰਜਾਬ ਦੇ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਦੀ ਯੂਨੀਅਨ ਦਾ ਜਨਰਲ ਸਕੱਤਰ ਕੇਵਲ ਕ੍ਰਿਸ਼ਨ ਟੰਡਨ ਮਿਲਣ

ਆਇਆ ਅਤੇ ਉਸ ਨੇ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਨੇ ਰਾਹੀ ਨੂੰ ਇਸ ਜ਼ਿਲੇ ਦਾ ਕਨਵੀਨਰ ਨਿਯੁਕਤ ਕੀਤਾ ਹੈ ਤਾਂ ਜੋ ਏਥੇ ਵੀ ਯੂਨੀਅਨ ਖੜੀ ਕੀਤੀ ਜਾਵੇ। ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਮਾਸਟਰਾਂ ਦੇ ਗਰੇਡ ਸੋਧ ਦਿੱਤੇ ਸਨ, ਉਹ ਹੁਣ 365 ਰੁਪਏ ਤਨਖਾਹ ਲੈਂਦੇ ਸਨ। ਰਾਹੀ ਨੇ ਸਾਰੇ ਜ਼ਿਲੇ ਦੇ ਸਕੂਲਾਂ ਵਿੱਚ ਜਾ ਜਾ ਕੇ ਮੈਂਬਰਸ਼ਿੱਪ ਇਕੱਠੀ ਕੀਤੀ ਭਾਵੇਂ ਅੜਚਨਾਂ ਵੀ ਬਹੁਤ ਆਈਆਂ ਅਤੇ ਕਈ ਥਾਵਾਂ ’ਤੇ ਪ੍ਰਬੰਧਕ ਕਮੇਟੀਆਂ ਨਾਲ ਲੜਨਾ ਵੀ ਪਿਆ ਫਿਰ ਵੀ ਉਸ ਨੇ ਪੰਦਰਾਂ ਦਿਨਾਂ ਵਿੱਚ ਜ਼ਿਲੇ ਵਿੱਚ ਯੂਨੀਅਨ ਖੜੀ ਕਰ ਦਿੱਤੀ। ਫਿਰ ਸਾਰੇ ਪੰਜਾਬ ਵਿੱਚ ਧਰਨਿਆਂ ਦਾ ਦੌਰ ਸ਼ੁਰੂ ਹੋ ਗਿਆ। ਸਕੂਲ ਬੰਦ ਕਰ ਦਿੱਤੇ, ਰਾਹੀ ਸਮੇਤ ਤਿੰਨ ਹਜ਼ਾਰ ਅਧਿਆਪਕਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਉਦੋਂ ਤੱਕ ਜੇਲ੍ਹਾਂ ਵਿੱਚ ਰਹੇ ਜਦੋਂ ਤੱਕ ਮੰਗਾਂ ਨਾ ਮੰਨੀਆਂ ਗਈਆਂ। ਉਦੋਂ ਲਛਮਣ ਸਿੰਘ ਗਿੱਲ ਮੁੱਖ ਮੰਤਰੀ ਸੀ, ਬਜਟ ਸੈਸ਼ਨ ਸ਼ੁਰੂ ਹੋਇਆ, ਗਿੱਲ ਨੂੰ ਪਹਿਲੇ ਦਿਨ ਹੀ ਐਲਾਨ ਕਰਨਾ ਪਿਆ ਕਿ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸਰਕਾਰੀ ਅਧਿਆਪਕਾਂ ਦੇ ਬਰਾਬਰ ਤਨਖ਼ਾਹ ਤੇ ਹੋਰ ਸਹੂਲਤਾਂ ਮਿਲਣਗੀਆਂ ਅਤੇ ਜਦੋਂ ਕੇਂਦਰ ਸਰਕਾਰ ਆਪਣੇ ਕਰਮਚਾਰੀਆਂ ਨੂੰ ਜੋ ਕੁਝ ਦੇਵੇਗੀ, ਪੰਜਾਬ ਦੇ ਮੁਲਾਜ਼ਮਾਂ ਨੂੰ ਵੀ ਉਹੀ ਸਹੂਲਤ ਮਿਲੇਗੀ।

ਅਜੀਤ ਰਾਹੀ ਦੀ ਪ੍ਰਾਈਵੇਟ ਟੀਚਰ ਯੂਨੀਅਨ ਵਿੱਚ ਧੜੱਲੇਦਾਰ ਭੂਮਿਕਾ ਅਤੇ ਅਖ਼ਬਾਰਾਂ ਦੀਆਂ ਖ਼ਬਰਾਂ ਨੇ ਉਸ ਨੂੰ ਕਾਫ਼ੀ ਹਰਮਨ ਪਿਆਰਾ ਬਣਾ ਦਿੱਤਾ ਸੀ। ਉਸ ਸਮੇਂ ਪੰਜਾਬ ਵਿੱਚ ਨਕਸਲਬਾੜੀ ਲਹਿਰ ਵੀ ਜ਼ੋਰ ਫੜ ਰਹੀ ਸੀ। ਇੱਕ ਦਿਨ ਸਕੂਲ ਵਿੱਚ ਉਸ ਨੂੰ ਅਵਤਾਰ ਸਿੰਘ ਪਾਸ਼ ਮਿਲਣ ਆਇਆ। ਉਸ ਨੇ ਗੁਪਤ ਪਰਚਾ ‘ਦਸਤਾਵੇਜ਼’ ਉਸ ਨੂੰ ਦਿੱਤਾ, ਉਸ ਵਿੱਚ ਕ੍ਰਾਂਤੀਕਾਰੀ ਲੇਖ ਅਤੇ ਕਵਿਤਾਵਾਂ ਸਨ। ਉਸ ਦਿਨ ਤੋਂ ਬਾਅਦ ਉਸ ਨੂੰ ਨਕਸਲਾਈਟ ਮੁੰਡੇ ਮਿਲਣ ਆਉਣ ਲੱਗੇ ਅਤੇ ਉਹ ਵੀ ਕਪੂਰਥਲੇ ਉਨ੍ਹਾਂ ਦੇ ਸਟੱਡੀ ਸਰਕਲਾਂ ਵਿੱਚ ਜਾਣ ਲੱਗਾ। ਥੋੜੇ ਚਿਰ ਬਾਅਦ ਹੀ ਉਸ ਦੇ ਵਿਚਾਰਾਂ ਵਿੱਚ ਬਹੁਤ ਸਾਰੀ ਤਬਦੀਲੀ ਆ ਗਈ, ਪਰ ਨਕਸਲਾਈਟ ਪਾਰਟੀ ਵਲੋਂ ਕੀਤੇ ਜਾਂਦੇ ਇੱਕ-ਦੁੱਕਾ ਕਤਲ ਉਸ ਨੂੰ ਪਸੰਦ ਨਹੀਂ ਸਨ। ਪਾਰਟੀ ਵਿੱਚ ਦੂਜੀ ਵੱਡੀ ਖ਼ਾਮੀ ਉਹ ਇਹ ਸਮਝਦਾ ਸੀ ਕਿ ਪਾਰਟੀ ਮੈਂਬਰ ਨੂੰ ਹੀ ਪਾਰਟੀ ਲਾਈਨ ਦਾ ਪਤਾ ਹੁੰਦਾ ਸੀ, ਉਸ ਦੇ ਘਰ ਦੇ ਕਿਸੇ ਹੋਰ ਮੈਂਬਰ ਨੂੰ ਨਹੀਂ ਸੀ ਪਤਾ ਹੁੰਦਾ। ਇੱਕ ਰਾਤ ਨਕਸਲਾਈਟ ਲੀਡਰ ਦਰਸ਼ਨ ਖਟਕੜ, ਇਕਬਾਲ ਤੇ ਬਿੱਲੂ ਉਸ ਨੂੰ ਮਿਲਣ ਵੀ ਆਏ ਸਨ। ਇਕਬਾਲ ਤੇ ਬਿੱਲੂ ਸਵੇਰੇ ਚਲੇ ਗਏ ਪਰ ਦਰਸ਼ਨ ਖਟਕੜ ਉਸ ਪਾਸ ਕਈ ਦਿਨ ਰਿਹਾ।

ਇਨ੍ਹਾਂ ਦਿਨਾਂ ਵਿੱਚ ਬਿਜਲੀ ਕਰਮਚਾਰੀਆਂ ਦੀ ਹੜਤਾਲ ਚੱਲ ਰਹੀ ਸੀ। ਅਜੀਤ ਰਾਹੀ ਵੀ ਉਨ੍ਹਾਂ ਦੀ ਮਦਦ ਲਈ ਉਨ੍ਹਾਂ ਦੀਆਂ ਰੈਲੀਆਂ ਵਿੱਚ ਜਾ ਕੇ

ਭਾਸ਼ਨ ਕਰਦਾ ਅਤੇ ਹੋਰ ਸਰਕਾਰੀ ਕਰਮਚਾਰੀਆਂ ਤੇ ਅਧਿਆਪਕ ਜਥੇਬੰਦੀਆਂ ਨੂੰ ਵੀ ਉਨ੍ਹਾਂ ਦੀਆਂ ਮੰਗਾਂ ਦੀ ਹਮਾਇਤ ਕਰਨ ਲਈ ਪ੍ਰੇਰਦਾ। ਇਸ ਕਰਕੇ ਅਜੀਤ ਰਾਹੀ ਦੇ ਵਰੰਟ ਨਿਕਲ ਗਏ ਸਨ ਅਤੇ ਪੁਲੀਸ ਨੇ ਉਸ ਨੂੰ 09-01-1971 ਨੂੰ ਸਕੂਲੋਂ ਹੀ ਗ੍ਰਿਫਤਾਰ ਕਰ ਲਿਆ ਸੀ। ਉਸ ਦੇ ਘਰ ਦੀ ਤਲਾਸ਼ੀ ਲਈ ਗਈ ਪਰ ਘਰੋਂ ਕੋਈ ਇਤਰਾਜ਼ਯੋਗ ਹਥਿਆਰ ਅਤੇ ਸਾਹਿੱਤ ਨਾ ਮਿਲਿਆ। ਪਹਿਲਾਂ ਉਸ ਨੂੰ ਕਪੂਰਥਲਾ ਕੋਤਵਾਲੀ ਵਿੱਚ ਤਸੀਹੇ ਦਿੱਤੇ ਗਏ, ਮੰਜੀ ਲਾਈ ਗਈ ਜਿਸ ਨਾਲ ਰਾਹੀ ਦੀਆਂ ਲੱਤਾਂ ਨੁਕਸਾਨੀਆਂ ਗਈਆਂ। ਕੋਤਵਾਲ ਇਹੋ ਪੁੱਛਦਾ ਰਿਹਾ ਕਿ ਉਸ ਪਾਸ ਕਿਹੜੇ ਕਿਹੜੇ ਨਕਸਲਬਾੜੀਏ ਆਉਂਦੇ ਸਨ। ਫਿਰ ਉਸ ਨੂੰ ਅੱਠ ਦਿਨਾਂ ਦੇ ਰੀਮਾਂਡ 'ਤੇ ਇੰਨਟੈਰੋਗੇਸ਼ਨ ਸੈਂਟਰ, ਅੰਮ੍ਰਿਤਸਰ ਭੇਜ ਦਿੱਤਾ ਗਿਆ। ਉਥੇ ਵੀ ਨਕਸਲਬਾੜੀਆਂ ਬਾਰੇ ਹੀ ਪੁੱਛਦੇ ਰਹੇ ਅਤੇ ਅੱਠ ਰਾਤਾਂ ਜਾਗਦਾ ਰੱਖਿਆ, ਉਸਦੀਆਂ ਅੱਖਾਂ ਵਿੱਚ ਤੇਜ਼ ਰੌਸ਼ਨੀ ਪਾਉਂਦੇ। ਇਸ ਨਾਲ ਰਾਹੀ ਦੀਆਂ ਅੱਖਾਂ ਦੀ ਰੌਸ਼ਨੀ ਘਟ ਗਈ ਅਤੇ ਉਸ ਨੂੰ ਐਨਕ ਲੁਆਉਣੀ ਪਈ। ਲੱਤਾਂ ਦੇ ਦੋਹਾਂ ਗੋਡਿਆਂ ਦਾ ਉਪਰੇਸ਼ਨ ਕਰਵਾਉਣਾ ਪਿਆ। ਦਸੰਬਰ 1973 ਵਿੱਚ ਅਜੀਤ ਰਾਹੀ ਨੂੰ ਫਿਰ ਪੁਲਿਸ ਨੇ ਫੜ ਲਿਆ। ਉਦੋਂ ਪੁਲਿਸ ਦੇ ਦੋ ਸਿਪਾਹੀ ਇੱਕ ਨਕਸਲਾਈਟ ਨੂੰ ਇੰਟੈਰੋਗੇਸ਼ਨ ਸੈਂਟਰ ਤੋਂ ਕਪੂਰਥਲਾ ਬੱਸ ਵਿੱਚ ਲੈ ਕੇ ਆ ਰਹੇ ਸਨ। ਸੁਭਾਨਪੁਰ ਤੇ ਕਪੂਰਥਲਾ ਦੇ ਵਿਚਕਾਰ ਉਸ ਦੇ ਸਾਥੀ ਇੱਕ ਸਿਪਾਹੀ ਨੂੰ ਮਾਰ ਕੇ ਉਸ ਨੂੰ ਛੁਡਾ ਕੇ ਲੈ ਗਏ ਸਨ। ਪੁਲਸ ਨੂੰ ਕਿਸੇ ਮੁਖ਼ਬਰ ਨੇ ਦੱਸਿਆ ਸੀ ਕਿ ਇਹ ਸਾਜ਼ਿਸ਼ ਰਾਹੀ ਨੇ ਬਣਾਈ ਸੀ। ਉਦੋਂ ਵੀ ਉਸਨੂੰ ਕੋਤਵਾਲੀ ਵਿੱਚ ਘੋਟਣੇ ਲਾਏ ਗਏ ਸਨ ਪਰ ਉਹ ਰਾਹੀ ਪਾਸੋਂ ਕੋਈ ਸੁਰਾਗ਼ ਪ੍ਰਾਪਤ ਨਾ ਕਰ ਸਕੇ। ਹੁਣ ਰਾਹੀ ਦਾ ਨਾਂ ਪੱਕਾ ਹੀ ਪੁਲਿਸ ਦੇ ਕਾਗਜ਼ਾਂ ਵਿੱਚ ਚੜ੍ਹ ਚੁੱਕਾ ਸੀ, ਜਦੋਂ ਵੀ ਕੋਈ ਨਕਸਲਾਈਟਾਂ ਵਲੋਂ ਵਾਰਦਾਤ ਕੀਤੀ ਜਾਂਦੀ, ਰਾਹੀ ਨੂੰ ਪੁੱਛਗਿਛ ਲਈ ਪੁਲਿਸ ਲੈ ਜਾਂਦੀ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਰਾਹੀ ਨੇ ਕਾਫ਼ੀ ਗਰਮ ਕਵਿਤਾਵਾਂ ਦੀ ਰਚਨਾ ਕੀਤੀ।

ਅਜੀਤ ਰਾਹੀ ਦਾ ਛੋਟਾ ਭਰਾ ਚੇਤਨ ਪਹਿਲਾਂ ਹੀ ਆਸਟਰੇਲੀਆ ਗਿਆ ਹੋਇਆ ਸੀ। ਉਸ ਨੇ ਰਾਹੀ ਨੂੰ ਆਸਟਰੇਲੀਆ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਦਿਨਾਂ ਵਿੱਚ ਬਦੇਸ਼ਾਂ ਦੇ ਵੀਜ਼ੇ ਬੰਦ ਸਨ। ਉਸ ਨੇ ਕੁਝ ਪੈਸੇ ਵੀ ਭੇਜ ਦਿੱਤੇ ਸਨ। ਅਜੀਤ ਰਾਹੀ ਨੇ ਪਾਸਪੋਰਟ ਪਹਿਲਾਂ ਹੀ ਬਣਵਾ ਰੱਖਿਆ ਸੀ। ਤੇਰਾਂ ਜੁਲਾਈ, 1979 ਨੂੰ ਉਹ ਨਿਪਾਲ ਨੂੰ ਚੱਲ ਪਿਆ ਤੇ ਬਾਰਡਰ ਪਾਰ ਕਰ ਗਿਆ ਅਤੇ ਵਾਇਆ ਥਾਈਲੈਂਡ, ਮਲੇਸ਼ੀਆ ਉਹ ਸਿੰਘਾਪੁਰ ਆ ਗਿਆ ਤੇ ਉਥੋਂ ਆਸਟਰੇਲੀਆ ਦੀ ਅੰਬੈਸੀ ਤੋਂ ਤਿੰਨ ਮਹੀਨੇ ਦਾ ਵੀਜ਼ਾ ਲਗਵਾ ਕੇ ਉਹ ਪਹਿਲੀ ਅਗਸਤ, 1979 ਨੂੰ ਆਸਟਰੇਲੀਆ ਦੇ ਮੈਲਬਰਨ ਸ਼ਹਿਰ ਵਿੱਚ ਪਹੁੰਚ ਕੇ ਅਗਲੇ ਦਿਨ ਹੀ ਆਪਣੇ ਭਰਾ ਨਾਲ ਕੰਮ ਤੇ ਚਲਾ

ਗਿਆ।ਸੰਤਰੇ ਤੋੜਨ ਅਤੇ ਗਾਜਰਾਂ, ਗੰਢੇ ਪੁੱਟਣ ਦਾ ਕੰਮ ਸੀ, ਰਾਹੀ ਨੇ ਜੀਅ ਤੋੜ ਮਿਹਨਤ ਕੀਤੀ ਅਤੇ ਪਿੱਛੇ ਪਰਿਵਾਰ ਨੂੰ ਵੀ ਪੈਸੇ ਭੇਜਦਾ ਰਿਹਾ।ਇੰਗਲੈਂਡ ਦੀ ਰਾਣੀ ਨੇ 1983 ਵਿੱਚ ਆਪਣੇ ਜਨਮ ਦਿਨ 'ਤੇ 31-12-1979 ਤੱਕ ਆਸਟਰੇਲੀਆ ਆਏ ਸਭ ਕੱਚੇ ਲੋਕਾਂ ਨੂੰ ਪੱਕੇ ਕਰਨ ਦਾ ਐਲਾਨ ਕਰ ਦਿੱਤਾ ਅਤੇ ਰਾਹੀ ਨੇ ਪਰਿਵਾਰ ਨੂੰ ਵੀ ਉਧਰ ਮੰਗਵਾ ਲਿਆ।ਉਂਜ ਵੀ ਰਾਹੀ ਦਾ ਸੱਜਾ ਗੋਡਾ ਸੁੱਜ ਗਿਆ ਸੀ ਤੇ ਉਸ ਪਾਸੋਂ ਹੁਣ ਕੰਮ ਨਹੀਂ ਸੀ ਹੁੰਦਾ।ਰਾਹੀ ਦੇ ਭਾਵੇਂ 'ਫੌੜੀਆਂ' ਨਾਵਲ ਅਤੇ 'ਅੱਜ ਦਾ ਗੌਤਮ' ਕਾਵਿ-ਸੰਗ੍ਰਹਿ 1982 ਵਿੱਚ ਛਪ ਚੁੱਕੇ ਸਨ ਪਰ ਬੱਚਿਆਂ ਦੇ ਆਉਣ ਨਾਲ ਰਾਹੀ ਨੇ ਹੌਲੀ ਹੌਲੀ ਸਾਹਿੱਤ ਤੇ ਸਾਹਿੱਤਕਾਰਾਂ ਨਾਲ ਜੁੜਨਾ ਸ਼ੁਰੂ ਕਰ ਦਿੱਤਾ ਅਤੇ ਨਿੱਠ ਕੇ ਸਾਹਿੱਤਕ ਰਚਨਾਵਾਂ ਲਿਖਣ ਲੱਗਾ।ਉਸ ਨੇ ਪਾਕਿਸਤਾਨ ਅਤੇ ਇੰਗਲੈਂਡ ਦੀ ਯਾਤਰਾ ਵੀ ਕੀਤੀ ਜਿਸ ਦਾ ਜ਼ਿਕਰ ਉਸ ਨੇ ਆਪਣੇ ਸਫ਼ਰਨਾਮਿਆਂ ਵਿੱਚ ਬਾਖ਼ੂਬੀ ਕੀਤਾ ਹੈ।ਇਹ ਬਹੁਤ ਹੀ ਪਿਆਰਾ ਇਨਸਾਨ, ਇਮਾਨਦਾਰ, ਅਤੇ ਕ੍ਰਾਂਤੀਕਾਰੀ ਪਰਵਾਸੀ ਪੰਜਾਬੀ ਲੇਖਕ ਅਜੀਤ ਸਿੰਘ 'ਰਾਹੀ' 30 ਅਪੈਲ, 2021 ਨੂੰ ਆਸਟਰੇਲੀਆ ਵਿਖੇ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਲੜਦਾ ਹੋਇਆ 83 ਸਾਲ ਦੀ ਉਮਰ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

**ਅਜੀਤ ਰਾਹੀ ਦੀਆਂ ਸਾਹਿੱਤਕ ਕਿਰਤਾਂ :**

**ਕਾਵਿ-ਸੰਗ੍ਰਹਿ** : ਸਿਲੇਹਾਰ, ਅੱਜ ਦਾ ਗੌਤਮ, ਤਵੀ ਤੋਂ ਤਲਵਾਰ ਤੱਕ, ਅਸੀਂ ਤੇ ਸੋਚਿਆ ਨਹੀਂ ਸੀ, ਇਹ ਵੀ ਦਿਨ ਆਉਣੇ ਸਨ, ਮੁਕਤਾ ਅੱਖਰ, ਮੈਂ ਪਰਤ ਆਵਾਂਗਾ, ਸਤਰੰਗੀ (ਸਾਰੀਆਂ ਕਾਵਿ-ਪੁਸਤਕਾਂ)।

**ਗਲਪ**: ਫੌੜੀਆਂ, ਧੁਖ਼ਦੀ ਧੂਣੀ, ਸੁਲਗਦਾ ਸੱਚ, ਬਾਗ਼ੀ ਮਸੀਹਾ, ਨੌਕਰੀ (ਕਹਾਣੀਆਂ)।

**ਵਾਰਤਕ** : ਕਬਰ ਜਿਨ੍ਹਾਂ ਦੀ ਜੀਵੇ ਹੂ, ਨਾਦਰਸ਼ਾਹ ਦੀ ਵਾਪਸੀ, ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ, ਤੀਜਾ ਘਲੂਘਾਰਾ, **ਜੀਵਨੀ**: ਸ਼ੌਕ-ਏ-ਸ਼ਹਾਦਤ ਦੀ ਸਿਖ਼ਰ ਰਾਜਗੁਰੂ, ਆਜ਼ਾਦ ਯੋਧਾ, ਅਮਰ ਸ਼ਹੀਦ ਸੁਖਦੇਵ,

**ਸਵੈ-ਜੀਵਨੀ** : ਅੱਧੀ ਸਦੀ ਦਾ ਸਫ਼ਰ, ਆਪਣੇ ਸਨਮੁੱਖ।

**ਸਫ਼ਰਨਾਮਾ** : ਪਾਕਿਸਤਾਨ ਦਾ ਸਫ਼ਰਨਾਮਾ, ਥਲ ਡੂਗਰ ਭਵਿਓਮ, ਸਫ਼ਰ।

**ਪਾਕਿਸਤਾਨ ਵਿੱਚ ਛਪੀਆਂ ਪੁਸਤਕਾਂ** : ਮੁਕਤਾ ਅੱਖਰ (ਸ਼ਾਹਮੁਖੀ ਲਿਪੀ ਵਿੱਚ), ਏਥੇ ਹੀ ਕਿਤੇ (ਸ਼ਾਹਮੁਖੀ ਅਤੇ ਗੁਰਮੁਖੀ ਲਿਪੀ ਵਿੱਚ), ਅੱਧੀ ਸਦੀ ਦਾ ਸਫ਼ਰ (ਸ਼ਾਹਮੁਖੀ ਲਿਪੀ ਵਿੱਚ।

**ਡਾ. ਕੇਵਲ ਸਿੰਘ ਪਰਵਾਨਾ**
**ਕਪੂਰਥਲਾ**
**9855084588**

# ਸਰਗਰਮੀਆਂ...

## ਪਰਵਾਸੀ ਸਾਹਿਤ ਅਧਿਐਨ ਕੇਂਦਰ
## ਪਰਵਾਸੀ ਲੇਖਕਾਂ ਦੀ ਫੇਰੀ



ਲੇਖਕ ਬਲਵਿੰਦਰ ਚਾਹਲ (ਬਰਤਾਨੀਆ) ਨੂੰ ਸਨਮਾਨਿਤ ਕਰਦੇ ਹੋਏ

ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਇੰਗਲੈਂਡ ਵੱਸਦੇ ਪਰਵਾਸੀ ਪੰਜਾਬੀ ਲੇਖਕ ਬਲਵਿੰਦਰ ਸਿੰਘ ਚਾਹਲ ਪਧਾਰੇ। ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਦੇ ਸਾਹਿਤਕ ਸਫ਼ਰ ਤੇ ਯੂਰਪ ਦੀ ਧਰਤੀ ਤੇ ਉਨ੍ਹਾਂ ਵੱਲੋਂ ਆਰੰਭ ਕੀਤੀਆਂ ਗਈਆਂ ਸਾਹਿਤਕ ਸੱਭਿਆਚਾਰਕ ਸਰਗਰਮੀਆਂ ਬਾਰੇ ਦੱਸਿਆ। ਬਲਵਿੰਦਰ ਸਿੰਘ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਪ੍ਰਧਾਨ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਆਪਣੀ ਪੁਸਤਕ 'ਇਟਲੀ ਵਿੱਚ ਸਿੱਖ ਫੌਜੀ' ਬਾਰੇ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਪੁਸਤਕ ਨੂੰ ਸਾਹਿਤਕ ਜਗਤ ਵਿੱਚ ਚੰਗਾ ਹੁਲਾਰਾ ਮਿਲਿਆ ਹੈ। ਉਨ੍ਹਾਂ ਨੇ ਇਸ ਪੁਸਤਕ ਸਬੰਧੀ ਇਟਲੀ ਵਿੱਚ ਕੀਤੇ ਖੇਤਰੀ ਕਾਰਜ ਬਾਰੇ ਵੀ ਦੱਸਿਆ। ਡਾ. ਤੇਜਿੰਦਰ ਕੌਰ ਨੇ ਉਨ੍ਹਾਂ ਦੀ ਇੰਟਰਵਿਊ ਕੀਤੀ। ਜਿਸ ਵਿੱਚ ਉਨ੍ਹਾਂ ਨੇ ਆਪਣੇ ਬਚਪਨ, ਵਿੱਦਿਆ, ਪਰਵਾਸ ਦੇ ਸੰਘਰਸ਼, ਸਾਹਿਤ ਸਿਰਜਣਾ ਤੇ ਯੂਰਪ ਦੀ ਧਰਤੀ ਤੇ ਕਰਮਸ਼ੀਲ ਸਾਹਿਤ ਸਭਾਵਾਂ ਦੀ ਕਾਰਗੁਜ਼ਾਰੀ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਸਾਹਿਤ ਸੁਰ ਸੰਗਮ ਸਭਾ ਵੱਲੋਂ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ। ਪਰਵਾਸੀ ਕੇਂਦਰ ਵੱਲੋਂ ਕੱਢੇ ਜਾਂਦੇ ਤ੍ਰੈਮਾਸਿਕ ਪੱਤ੍ਰਿਕਾ ਪਰਵਾਸ ਦੇ ਇੱਕ ਅੰਕ ਦਾ ਖ਼ਰਚਾ ਸਾਹਿਤ ਸੁਰ ਸੰਗਮ ਸਭਾ ਵੱਲੋਂ ਦਿੱਤਾ ਜਾਂਦਾ ਹੈ।

# ਲੇਖਕ ਬਲਵਿੰਦਰ ਚਾਹਲ ਦੀ ਪੁਸਤਕ 'ਇਟਲੀ ਵਿੱਚ ਸਿੱਖ ਫੌਜੀ' ਹਿੰਦੀ ਐਡੀਸ਼ਨ ਕੇਂਦਰ ਵੱਲੋਂ ਰਿਲੀਜ਼



ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਇੰਗਲੈਂਡ ਵੱਸਦੇ ਪਰਵਾਸੀ ਪੰਜਾਬੀ ਲੇਖਕ ਬਲਵਿੰਦਰ ਸਿੰਘ ਚਾਹਲ ਦੀ ਹਿੰਦੀ ਵਿੱਚ ਅਨੁਵਾਦ ਪੁਸਤਕ 'ਇਟਲੀ ਵਿੱਚ ਸਿੱਖ ਫੌਜੀ: ਦੂਸਰਾ ਵਿਸ਼ਵ ਯੁੱਧ' ਰਿਲੀਜ਼ ਕੀਤੀ ਗਈ। ਲੇਖਕ ਵੱਲੋਂ ਇਹ ਪੁਸਤਕ ਪੰਜਾਬੀ ਵਿੱਚ ਲਿਖੀ ਗਈ ਸੀ, ਜਿਸ ਨੂੰ ਪੰਜਾਬੀ ਪਾਠਕ ਤੇ ਆਲੋਚਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ, ਜ਼ਿਕਰਯੋਗ ਹੈ ਕਿ ਪੰਜਾਬੀ ਤੋਂ ਬਾਅਦ ਇਸ ਪੁਸਤਕ ਨੂੰ ਗੁਜਰਾਂਵਾਲਾ ਖ਼ਾਲਸਾ ਕਾਲਜ ਦੇ ਅੰਗ੍ਰੇਜ਼ੀ ਵਿਭਾਗ ਦੇ ਮੁਖੀ ਡਾ. ਸੁਸ਼ਮਿੰਦਰਜੀਤ ਕੌਰ ਨੇ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ ਸੀ ਤੇ ਹੁਣ ਇਸ ਪੁਸਤਕ ਦਾ ਹਿੰਦੀ ਵਿੱਚ ਤਰਜ਼ਮਾ ਸੁਭਾਸ਼ ਭਾਸਕਰ ਵੱਲੋਂ ਕੀਤਾ ਗਿਆ ਹੈ। ਇਹ ਪੁਸਤਕ ਦੂਜੇ ਵਿਸ਼ਵ ਯੁੱਧ ਦੌਰਾਨ ਇਟਲੀ ਵਿੱਚ ਪੰਜਾਬੀ ਵਿਸ਼ੇਸ਼ ਕਰਕੇ ਸਿੱਖ ਫੌਜੀਆਂ ਦੀ ਬਹਾਦਰੀ ਦੀ ਗਾਥਾ ਹੈ ਉੱਥੇ ਹੀ ਮੂਲ ਦੇਸ਼ ਦੇ ਲੋਕਾਂ ਨਾਲ ਉਹਨਾਂ ਦੇ ਸਨੇਹ ਨੂੰ ਵੀ ਪ੍ਰਗਟਾਉਂਦੀ ਹੈ। ਲੇਖਕ ਬਲਵਿੰਦਰ ਚਾਹਲ ਨੇ ਬੜੀ ਹੀ ਮਿਹਨਤ ਦੇ ਨਾਲ ਖੇਤਰੀ ਖੋਜ ਕਾਰਜ ਕਰਕੇ ਇਸ ਪੁਸਤਕ ਦੀ ਸਿਰਜਣਾ ਕੀਤੀ। ਇਸ ਰਿਲੀਜ਼ ਸਮਾਗਮ ਮੌਕੇ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਕਿਹਾ ਕਿ ਇਹ ਪੁਸਤਕ ਸਾਹਿਤ ਦੇ ਨਾਲ ਨਾਲ ਇੱਕ ਵੱਡਮੁਲਾ ਇਤਿਹਾਸਕ ਦਸਤਾਵੇਜ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਲੇਖਕ ਦੀ ਇਸ ਪੁਸਤਕ ਦੇ ਵੱਖ ਵੱਖ ਭਾਗਾਂ ਦੀ ਜਾਣਕਾਰੀ ਸ੍ਰੋਤਿਆਂ ਨਾਲ ਸਾਂਝੀ ਕੀਤੀ ਅਤੇ ਲੇਖਕ ਦੇ ਮਿਹਨਤ ਭਰਪੂਰ ਕਾਰਜ ਦੀ ਸ਼ਲਾਘਾ ਕੀਤੀ। ਲੇਖਕ ਨੇ ਇਸ ਮੌਕੇ ਦਸਿਆ ਕਿ ਬਹੁਤ ਹੀ ਜਲਦ ਉਹਨਾਂ ਦੀ ਇਹ ਕਿਤਾਬ ਇਟਾਲੀਅਨ ਭਾਸ਼ਾ ਵਿੱਚ ਵੀ ਅਨੁਵਾਦ ਹੋਵੇਗੀ। ਉਹਨਾਂ ਨੇ ਇਸ ਪੁਸਤਕ ਦੌਰਾਨ ਕੀਤੇ ਖੇਤਰੀ ਕਾਰਜ ਦੇ ਅਨੁਭਵ ਵੀ ਪਾਠਕਾਂ ਨਾਲ ਸਾਂਝੇ ਕੀਤੇ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ



**ਲੇਖਕ ਜਸਤੇਜ ਸਿੱਧੂ (ਅਮਰੀਕਾ) ਨੂੰ ਸਨਮਾਨਿਤ ਕਰਦੇ ਹੋਏ**

ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਅਮਰੀਕਾ (ਨਿਊਜਰਸੀ) ਰਹਿੰਦੇ ਪਰਵਾਸੀ ਪੰਜਾਬੀ ਲੇਖਕ ਜਸਤੇਜ ਸਿੱਧੂ ਨੇ ਫੇਰਾ ਪਾਇਆ। ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਉਨ੍ਹਾਂ ਨੂੰ ਗੁਲਦਸਤਾ ਭੇਂਟ ਕਰਕੇ ਜੀ ਆਇਆ ਕਿਹਾ। ਜਸਤੇਜ ਸਿੱਧੂ ਨੇ ਇਸ ਮੌਕੇ ਤੇ ਗੱਲਬਾਤ ਕਰਦਿਆਂ ਆਪਣੇ ਪਰਵਾਸ ਦੇ ਸਫ਼ਰ, ਸਾਹਿਤ ਸਿਰਜਣਾ ਦੇ ਝੁਕਾਵਾਂ ਬਾਰੇ ਦੱਸਿਆ। ਉਨ੍ਹਾਂ ਨੇ ਕਿਹਾ ਕਿ ਉਹ ਮਿੰਨੀ ਕਹਾਣੀ ਦੇ ਨਾਲ ਨਾਲ ਗੁਰਮਤਿ ਫਲਸਫੇ ਨੂੰ ਆਪਣੀ ਲੇਖਣੀ ਦਾ ਅਧਾਰ ਬਣਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਜਲਦ ਹੀ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਸਹਿਯੋਗ ਨਾਲ ਆਪਣੀਆਂ ਰਚਨਾਵਾਂ ਨੂੰ ਪੁਸਤਕ ਰੂਪ ਵਿੱਚ ਪਾਠਕਾਂ ਸਨਮੁਖ ਪੇਸ਼ ਕਰਨਗੇ। ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਉਨ੍ਹਾਂ ਨੇ 31000 ਰੁਪਏ ਦੀ ਵਿੱਤੀ ਸਹਾਇਤਾ ਵੀ ਭੇਂਟ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਜਸਤੇਜ ਸਿੱਧੂ ਦਾ ਧੰਨਵਾਦ ਕੀਤਾ। ਉਨ੍ਹਾਂ ਦੀ ਪਰਵਾਸੀ ਸਾਹਿਤ ਅਧਿਐਨ ਕੇਂਦਰ ਨਾਲ ਸਾਂਝ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਕਿਹਾ ਕਿ ਕੇਂਦਰ ਵੱਲੋਂ ਕੱਢੇ ਜਾਂਦੇ ਤ੍ਰੈਮਾਸਿਕ ਪੱਤ੍ਰਿਕਾ 'ਪਰਵਾਸ' ਵਿੱਚ ਉਨ੍ਹਾਂ ਦੀਆਂ ਕਹਾਣੀਆਂ ਵੀ ਛਪ ਚੁੱਕੀਆਂ ਹਨ। ਇਸ ਮੌਕੇ ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ., ਪ੍ਰੋ. ਗੁਰਪ੍ਰੀਤ ਸਿੰਘ ਭਾਟੀਆ, ਡਾ. ਭੁਪਿੰਦਰ ਸਿੰਘ ਮੁਖੀ ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ ਤੇ ਡਾ. ਤੇਜਿੰਦਰ ਕੌਰ ਹਾਜ਼ਰ ਰਹੇ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ




ਲੇਖਕ ਪਰਗਟ ਸਿੰਘ ਆਸਟਰੇਲੀਆ ਨੂੰ ਸਨਮਾਨਿਤ ਕਰਦੇ ਹੋਏ

ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਿੰਡ ਵਡਾਲਾ ਕਲਾ ਜ਼ਿਲ੍ਹਾ ਕਪੂਰਥਲਾ ਦੇ ਜੰਮਪਲ ਤੇ ਅੱਜਕਲ ਆਸਟਰੇਲੀਆ ਬ੍ਰਿਸਬੇਨ ਰਹਿੰਦੇ ਪੰਜਾਬੀ ਲੇਖਕ ਪਰਗਟ ਸਿੰਘ ਰੰਧਾਵਾ ਨੂੰ ਸਨਮਾਨਿਤ ਕੀਤਾ ਗਿਆ। ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਉਹਨਾਂ ਨੂੰ ਰਸਮੀ ਤੌਰ ’ਤੇ ਜੀ ਆਇਆਂ ਕਿਹਾ। ਪਰਗਟ ਸਿੰਘ ਰੰਧਾਵਾ ਨੇ ਆਪਣੇ ਜ਼ਿੰਦਗੀ ਤੇ ਸਾਹਿਤ ਸਿਰਜਣਾ ਦੇ ਕਈ ਚੰਗੇ ਮਾੜੇ ਅਨੁਭਵ ਸਾਂਝੇ ਕੀਤੇ। ਉਹਨਾਂ ਕਿਹਾ ਕਿ 35 ਸਾਲ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵਿਚ ਨੌਕਰੀ ਕਰਕੇ ਬਤੌਰ ਇੰਸਪੈਕਟਰ ਰਿਟਾਇਰ ਹੋ ਕੇ ਉਹ 2015 ਵਿਚ ਆਸਟਰੇਲੀਆ ਚਲੇ ਗਏ ਜਿਥੇ ਉਹਨਾਂ ਨੇ ਆਪਣੀ ਸਾਹਿਤ ਸਿਰਜਣਾ ਨੂੰ ਪੁਨਰ ਸੁਰਜੀਤ ਕੀਤਾ। ਉਹਨਾਂ ਦੀਆਂ ਹੁਣ ਤੱਕ 13 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਸਧਰਾਂ ਦਾ ਗੁਲਦਸਤਾ ਸਭ ਤੋਂ ਪਹਿਲੀ ਪੁਸਤਕ 2018 ਵਿਚ ਪ੍ਰਕਾਸ਼ਿਤ ਹੋਈ। ਉਸ ਤੋਂ ਬਾਅਦ ਦਰਦ ਭਰੇ ਗੀਤ, ਕੁਦਰਤ ਦੇ ਅੰਗ ਸੰਗ, ਹਿਰਦੇ ਦੀ ਹੂਕ, ਅੱਖੀਂ ਡਿੱਠਾ ਪਿੰਡ, ਨਸ਼ਿਆਂ ਦੀ ਦਾਸਤਾਂ, ਮੇਰੀ ਆਤਮ ਕਥਾ, ਸੋਚ (ਨਾਵਲ, ਵਾਰਤਕ ਤੇ ਕਾਵਿ ਸੰਗ੍ਰਹਿ) ਪੰਜਾਬੀ ਸਾਹਿਤ ਦੀ ਝੋਲੀ ਪਾਏ। ਇਸ ਮੌਕੇ ਕੇਂਦਰ ਵੱਲੋਂ ਉਹਨਾਂ ਨੂੰ ਪੁਸਤਕਾਂ ਦਾ ਸੈਟ ਭੇਂਟ ਕੀਤਾ ਗਿਆ। ਪਰਗਟ ਸਿੰਘ ਰੰਧਾਵਾ ਨੇ ਵੀ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀ ਲਾਇਬ੍ਰੇਰੀ ਲਈ ਦਿੱਤੀਆਂ। ਕਾਲਜ ਦੇ ਪ੍ਰਿੰਸੀਪਲ ਨੇ ਉਹਨਾਂ ਦੀ ਇਸ ਫੇਰੀ ਲਈ ਉਹਨਾਂ ਦਾ ਰਸਮੀ ਤੌਰ ’ਤੇ ਧੰਨਵਾਦ ਕੀਤਾ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਕਵੀ ਦਰਬਾਰ



ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ਕਵੀ ਦਰਬਾਰ ਦਾ ਆਯੋਜਨ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਪ੍ਰੋ ਗੁਰਭਜਨ ਗਿੱਲ ਚੇਅਰਮੈਨ ਲੋਕ ਵਿਰਾਸਤ ਅਕਾਡਮੀ ਨੇ ਕੀਤੀ। ਕਵੀ ਦਰਬਾਰ ਦੇ ਆਰੰਭ ਵਿੱਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਮੌਜੂਦਾ ਪ੍ਰਧਾਨ ਗੁੱਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕਿਹਾ ਕਿ ਬਦਲਦੀਆਂ ਸਥਿਤੀਆਂ ਅਨੁਸਾਰ ਅੱਜ ਜਿਸ ਮਨੁੱਖ ਨੂੰ ਆਪਣੀ ਮਾਂ ਬੋਲੀ ਤੋਂ ਇਲਾਵਾ ਜਿੰਨੀਆਂ ਵੱਧ ਭਾਸ਼ਾਵਾਂ ਆਉਂਦੀਆਂ ਹਨ, ਉਹ ਉਸ ਦੀ ਅਮੀਰੀ ਮੰਨੀ ਜਾਂਦੀ ਹੈ, ਪਰ ਇਸ ਪੱਖੋਂ ਅਮੀਰ ਹੁੰਦਿਆਂ ਸਾਨੂੰ ਆਪਣੀ ਮਾਤ ਭਾਸ਼ਾ ਨੂੰ ਨਹੀਂ ਵਿਸਾਰਨਾ ਚਾਹੀਦਾ। ਇਸ ਤੋਂ ਬਾਅਦ ਕਵੀ ਦਰਬਾਰ ਦਾ ਆਗਾਜ਼ ਹੋਇਆ ਜਿਸ ਵਿੱਚ ਸੁਰਿੰਦਰ ਸਿੰਘ ਸੁੰਨੜ (ਅਮਰੀਕਾ), ਸੁਰਿੰਦਰ ਸਿਦਕ (ਆਸਟਰੇਲੀਆ), ਨਕਸ਼ਦੀਪ ਪੰਜਕੋਹਾ (ਅਮਰੀਕਾ), ਦਲਜਿੰਦਰ ਰਹਿਲ (ਇਟਲੀ), ਜੀਤ ਸੁਰਜੀਤ (ਬੈਲਜੀਅਮ), ਡਾ ਨਵਜੋਤ ਕੌਰ (ਜਲੰਧਰ), ਸਹਿਜਪ੍ਰੀਤ ਸਿੰਘ ਮਾਂਗਟ (ਲੁਧਿਆਣਾ), ਪਰਮਜੀਤ ਕੌਰ ਮਹਿਕ (ਲੁਧਿਆਣਾ), ਹਰਪ੍ਰੀਤ ਕੌਰ ਸੰਧੂ (ਪਟਿਆਲਾ), ਸਰਬਜੀਤ ਕੌਰ (ਹਾਜੀਪੁਰ) ਅਤੇ ਵਿਸ਼ੇਸ਼ ਤੌਰ ਤੇ ਪਾਕਿਸਤਾਨ ਤੋਂ ਨਦੀਮ ਅਫ਼ਜ਼ਲ ਨੇ ਸ਼ਿਰਕਤ ਕੀਤੀ। ਸਭ ਕਵੀਆਂ ਨੇ ਮਨੁੱਖੀ ਜੀਵਨ ਵਿੱਚ ਮਾਤ ਭਾਸ਼ਾ ਦੀ ਅਹਿਮੀਅਤ ਨੂੰ ਦਰਸਾਉਂਦੇ ਕਵਿਤਾਵਾਂ ਸਰੋਤਿਆਂ ਦੇ ਰੂਬਰੂ ਕੀਤੀਆਂ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

ਇਸ ਉਪਰੰਤ ਪ੍ਰੋਫੈਸਰ ਗੁਰਭਜਨ ਗਿੱਲ ਨੇ ਆਪਣਾ ਪ੍ਰਧਾਨਗੀ ਭਾਸ਼ਣ ਸਾਂਝੇ ਕਰਦੇ ਹੋਏ ਕਿਹਾ ਕਿ ਪੰਜਾਬੀ ਇੰਨੀ ਅਮੀਰ ਭਾਸ਼ਾ ਹੈ ਜਿਹੜੀ ਮਨੁੱਖ ਦੀ ਹਰ ਸੰਵੇਦਨਾ, ਹਰ ਭਾਵ ਨੂੰ ਵਿਅਕਤ ਕਰਨ ਦੀ ਸਮਰੱਥਾ ਰੱਖਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕੁਦਰਤੀ ਹੈ ਜਦੋਂ ਮਨੁੱਖ ਆਪਣੀ ਧਰਤੀ ਆਪਣੀ ਮਾਂ ਬੋਲੀ ਤੋਂ ਦੂਰ ਜਾਂਦਾ ਹੈ ਤਾਂ ਉਸ ਨੂੰ ਜ਼ਿਆਦਾ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ, ਇਸ ਦਾ ਹੇਰਵਾ ਕਰਦਾ ਹੈ। ਉਨ੍ਹਾਂ ਨੇ ਮਾਤ ਭਾਸ਼ਾ ਦੇ ਇਤਿਹਾਸ ਤੋਂ ਵੀ ਸਰੋਤਿਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਬਾਬਾ ਫ਼ਰੀਦ, ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ, ਭਗਤਾਂ, ਕਿੱਸਾਕਾਰਾਂ ਤੇ ਸੂਫ਼ੀਆਂ ਦੇ ਹਵਾਲੇ ਨਾਲ ਆਪਣੇ ਵਿਚਾਰ ਰੂਪਮਾਨ ਕੀਤੇ। ਉਨ੍ਹਾਂ ਨੇ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ। ਅਖੀਰ ਤੇ ਡਾ. ਭੁਪਿੰਦਰ ਸਿੰਘ ਵਲੋਂ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਗਿਆ। ਕਵੀ ਦਰਬਾਰ ਦਾ ਸੰਚਾਲਨ ਪ੍ਰੋਫੈਸਰ ਸ਼ਰਨਜੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਡਾ. ਹਰਪ੍ਰੀਤ ਸਿੰਘ ਦੂਆ ਤੇ ਡਾ. ਤੇਜਿੰਦਰ ਕੌਰ ਵੀ ਹਾਜ਼ਰ ਰਹੇ।


**ਪਰਵਾਸੀ ਸਾਹਿਤ ਅਧਿਅਨ ਕੇਂਦਰ**
**ਪਰਵਾਸ ਪੱਤ੍ਰਿਕਾ ਜੁਲਾਈ-ਸਤੰਬਰ 2022 ਅੰਕ 18ਵਾਂ**
**(ਯੂਰਪ ਵਿਸ਼ੇਸ਼ ਅੰਕ ਭਾਗ-1)**

ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦਾ ਜੁਲਾਈ-ਸਤੰਬਰ ਅੰਕ 2022 ਯੂਰਪੀ ਵਿਸ਼ੇਸ਼ ਅੰਕ ਭਾਗ-1 ਹੋਵੇਗਾ ਜੇਕਰ ਆਪ ਬਰਤਾਨੀਆ ਨੂੰ ਛੱਡ ਕੇ ਯੂਰਪ ਦੀ ਕਿਸੇ ਸਾਹਿਤ ਸਭਾ ਨਾਲ ਜੁੜੇ ਹੋਏ ਹੋ ਤਾਂ ਉਸ ਦੀ ਜਾਣਕਾਰੀ ਸਾਡੇ ਨਾਲ ਲਿਖਤ ਰੂਪ ਵਿਚ ਸਾਂਝੀ ਕਰਨਾ ਜੀ ਪਰ ਜੇਕਰ ਆਪ ਕਿਸੇ ਵੀ ਸਾਹਿਤ ਸਭਾ ਨਾਲ ਨਹੀਂ ਜੁੜੇ ਹੋਏ ਪਰ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਸਰਗਰਮੀ ਨਾਲ ਕਾਰਜਸ਼ੀਲ ਹੋ ਤਾਂ ਕਿਰਪਾ ਕਰਕੇ ਸਾਨੂੰ ਸੰਖੇਪ ਵਿਚ **ਆਪਣਾ ਜੀਵਨ ਬਿਓਰਾ, ਪ੍ਰਕਾਸ਼ਨਾਵਾਂ, ਪਾਸਪੋਰਟ ਸਾਈਜ਼ ਫੋਟੋ, ਸੰਪਰਕ ਨੰ., ਈਮੇਲ ਤੇ ਪੂਰਾ ਪਤਾ ਸਾਨੂੰ ਇਕ ਹਫ਼ਤੇ ਅੰਦਰ ਭੇਜ ਦੇਣਾ ਜੀ।** ਸਾਨੂੰ ਆਸ ਹੈ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚੜਾਉਣ ਵਿਚ ਆਪ ਜੀ ਸਾਨੂੰ ਭਰਵਾਂ ਸਹਿਯੋਗ ਦੇਵੋਗੇ।

ਧੰਨਵਾਦ ਸਹਿਤ

**ਡਾ. ਤੇਜਿੰਦਰ ਕੌਰ**
ਕੋਆਰਡੀਨੇਟਰ
8729080250

**ਪ੍ਰੋ. ਸ਼ਰਨਜੀਤ ਕੌਰ**
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
9501027522

**ਈਮੇਲ: parvasggn@gmail.com**

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਬਦੇਸ਼ਾਂ ਵਿੱਚ ਦਸਤਾਰਧਾਰੀ ਬੁਲੰਦੀਆਂ ਛੋਹਣ ਵਾਲੇ ਦੋ ਪੰਜਾਬੀ ਲੇਖਕਾਂ ਦਾ ਸਨਮਾਨ ਸਾਡਾ ਸੁਭਾਗ ਡਾ. ਸ. ਪ. ਸਿੰਘ



ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਦੋ ਪਰਵਾਸੀ ਪੰਜਾਬੀ ਲੇਖਕਾਂ ਸੁਰਜੀਤ ਸਿੰਘ ਮਾਧੋਪੁਰੀ ਕੈਨੇਡਾ ਅਤੇ ਡਾ. ਗੁਰਬੀਰ ਸਿੰਘ ਭੁੱਲਰ ਸਵਿਟਜ਼ਰਲੈਂਡ ਨਾਲ ਇੱਕ ਰੂਬਰੂ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ ਪ੍ਰਧਾਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਨੇ ਕੀਤੀ।

ਇਸ ਮੌਕੇ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪ੍ਰਧਾਨ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਨੇ ਬੋਲਦਿਆਂ ਸਭ ਨੂੰ ਰਸਮੀ ਤੌਰ ’ਤੇ ਜੀ ਆਇਆਂ ਕਿਹਾ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਪ੍ਰਮੁੱਖ ਸਰਗਰਮੀਆਂ ਤੋਂ ਸਰੋਤਿਆਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਕੈਨੇਡਾ ਤੇ ਸਵਿਟਜਰਲੈਂਡ ਵਿੱਚ ਦੋ ਦਸਤਾਰਧਾਰੀ ਲਿਖਾਰੀਆਂ ਤੇ ਸਿਰਕੱਢ ਪੰਜਾਬੀਆਂ ਸੁਰਜੀਤ ਸਿੰਘ ਮਾਧੋਪੁਰੀ ਤੇ ਡਾ. ਗੁਰਬੀਰ ਸਿੰਘ ਭੁੱਲਰ ਦਾ ਇਸ ਸੰਸਥਾ ਵਿੱਚ ਸਨਮਾਨ ਸਾਡਾ ਸੁਭਾਗ ਹੈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੋਵਾਂ ਹੀ ਸ਼ਖ਼ਸੀਅਤਾਂ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਸੁਰਜੀਤ ਸਿੰਘ ਮਾਧੋਪੁਰੀ ਨੇ ਆਪਣੀ ਜਨਮ ਭੂਮੀ ਮਾਧੋਪੁਰ(ਰੋਪੜ) ਪੰਜਾਬ ਤੇ ਕਰਮਭੂਮੀ ਸਰੀ (ਕੈਨੇਡਾ) ਵਿੱਚ ਗੀਤਕਾਰ ਤੇ ਗਾਇਕ ਵਜੋਂ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਕੈਨੇਡਾ ਸਰਕਾਰ ਪਾਸੋਂ ਮਿਸਾਲੀ ਬਹਾਦਰੀ ਲਈ ਸਨਮਾਨਿਤ ਹੋਣ ਵਾਲੇ ਉਹ ਪਹਿਲੇ ਏਸ਼ੀਅਨ ਤੇ ਦਸਤਾਰਧਾਰੀ ਸਿੱਖ ਹਨ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

ਡਾ. ਗੁਰਬੀਰ ਸਿੰਘ ਭੁੱਲਰ ਪੱਟੀ(ਤਰਨਤਾਰਨ)ਬਾਰੇ ਉਨ੍ਹਾਂ ਨੇ ਦੱਸਿਆ ਕਿ ਪੀ. ਏ. ਯੂ. ਲੁਧਿਆਣਾ ਤੋਂ ਫ਼ਸਲ ਵਿਗਿਆਨ ਵਿੱਚ ਮਾਸਟਰਜ਼ ਡਿਗਰੀ ਪ੍ਰਾਪਤ ਕਰਕੇ ਉਨ੍ਹਾਂ ਪੀਐੱਚ. ਡੀ ਤੇ ਪੋਸਟ ਡੌਕਟਰਲ ਪੜ੍ਹਾਈ ਸਵਿਟਜ਼ਰਲੈਂਡ ਤੋਂ ਕੀਤੀ ਤੇ ਇਸ ਵਕਤ ਉਹ ਉਥੇ ਹੀ ਪੂਰੇ ਪ੍ਰੋਫ਼ੈਸਰ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ਤੇ ਪੰਜਾਬੀ ਵਿੱਚ ਕਾਵਿ ਸਿਰਜਣਾ ਵੀ ਕਰਦੇ ਹਨ।

ਸਰੀ ਤੋਂ ਆਏ ਸ. ਸੁਰਜੀਤ ਸਿੰਘ ਮਾਧੋਪੁਰੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੇ 1975 ਵਿੱਚ ਕੈਨੇਡਾ ਲਈ ਪਰਵਾਸ ਧਾਰਨ ਕੀਤਾ। ਉੱਤਰੀ ਅਮਰੀਕਾ ਦੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਤੋਂ ਇਲਾਵਾ ਉਹ ਦੇਸ਼ ਵਿਦੇਸ਼ ਦੀਆਂ ਅਨੇਕਾਂ ਸਾਹਿਤ ਸਭਾਵਾਂ ਨਾਲ ਜੁੜੇ ਹਨ। ਇਸ ਮੌਕੇ ਉਨ੍ਹਾਂ ਕੁਝ ਆਪਣੇ ਲਿਖੇ ਗੀਤ ਤੇ ਕੁਝ ਨਾਮਵਰ ਕਵੀ ਗੁਰਦੇਵ ਸਿੰਘ ਮਾਨ ਦੇ ਲਿਖੇ ਗੀਤ ਵੀ ਤਰੰਨੁਮ ਵਿੱਚ ਗਾਏ।ਉਨ੍ਹਾਂ ਕਿਹਾ ਕਿ ਲੁਧਿਆਣਾ ਵਿੱਚ ਮੈਂ ਉਸਤਾਦ ਜਸਵੰਤ ਭੰਵਰਾ ਜੀ ਕੋਲੋਂ ਸੰਗੀਤ ਦੀ ਤਾਲੀਮ ਹਾਸਲ ਕਰਕੇ ਮੁੱਢਲਾ ਜੀਵਨ ਸੰਘਰਸ਼ ਇਥੇ ਹੀ ਆਰੰਭਿਆ।

ਸਵਿਟਜਰਲੈਂਡ ਤੋਂ ਆਏ ਵਿਗਿਆਨੀ ਤੇ ਕਵੀ ਡਾ. ਗੁਰਬੀਰ ਸਿੰਘ ਭੁੱਲਰ ਨੇ ਪੱਟੀ(ਤਰਨਤਾਰਨ) ਵਿੱਚ ਗੁਜ਼ਾਰੇ ਆਪਣੇ ਬਚਪਨ ,ਸਕੂਲੀ ਸਮੇਂ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਉਪਰੰਤ ਪੀ. ਏ. ਯੂ. ਲੁਧਿਆਣਾ ਦੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਸਕੂਲ ਸਮੇਂ ਤੋਂ ਹੀ ਪੰਜਾਬੀ ਸਾਹਿਤ ਨੂੰ ਪੜ੍ਹਨ ਦੀ ਚੇਟਕ ਲੱਗੀ। ਉਨ੍ਹਾਂ ਨੇ ਸਵਿਟਜ਼ਰਲੈਂਡ ਦੇ ਲੋਕਾਂ ਦੇ ਸਭਿਆਚਾਰ ਤੇ ਭਾਸ਼ਾ ਬਾਰੇ ਕਈ ਜਾਣਕਾਰੀਆਂ ਸਾਂਝੀਆਂ ਕੀਤੀਆਂ।

ਗੁੱਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ. ਅਰਵਿੰਦਰ ਸਿੰਘ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਡਾ. ਸ. ਪ. ਸਿੰਘ ਦੀ ਅਗਵਾਈ ਅਧੀਨ ਕੀਤੀਆਂ ਜਾਂਦੀਆਂ ਅਜਿਹੀਆਂ ਸਰਗਰਮੀਆਂ ਦੀ ਸ਼ਲਾਘਾ ਕੀਤੀ। ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਇਸ ਮੌਕੇ ਉਨ੍ਹਾਂ ਦਾ ਰਸਮੀ ਤੌਰ ’ਤੇ ਧੰਨਵਾਦ ਕੀਤਾ। ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਉਨ੍ਹਾਂ ਨੂੰ ਫੁਲਕਾਰੀ, ਸਨਮਾਨ ਚਿੰਨ੍ਹ ਅਤੇ ਤ੍ਰੈਮਾਸਿਕ ਪੱਤ੍ਰਿਕਾ “ਪਰਵਾਸ” ਦੇ ਅੰਕ ਭੇਟ ਕੀਤੇ ਗਏ। ਇਸ ਮੌਕੇ ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਸਹਿਜਪ੍ਰੀਤ ਸਿੰਘ ਮਾਂਗਟ ਤੇ ਤ੍ਰੈਲੋਚਨ ਲੋਚੀ ਨੇ ਵੀ ਵਿਸ਼ੇਸ਼ ਤੌਰ ’ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਅਤੇ ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ ਤੇ ਪ੍ਰੋ. ਜਸਮੀਤ ਕੌਰ ਵੀ ਹਾਜ਼ਰ ਸਨ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਪਰਵਾਸ ਸੋਲਵਾਂ ਅੰਕ ਰਿਲੀਜ਼ ਸਮਾਗਮ




ਡਾ. ਸ. ਪ. ਸਿੰਘ, ਪ੍ਰੋ. ਜਗਜੀਤ ਕੌਰ, ਪ੍ਰਿੰ. ਜਸਵੰਤ ਸਿੰਘ ਗਿੱਲ ਸਿਡਨੀ ਤੇ ਕਾਲਜ ਦੇ ਅਧਿਆਪਕ




ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਤ੍ਰੈਮਾਸਿਕ ਪੱਤ੍ਰਿਕਾ 'ਪਰਵਾਸ' ਦਾ ਸੋਲਵਾਂ ਅੰਕ ਲੋਕ ਅਰਪਣ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਡਾ. ਸ. ਪ. ਸਿੰਘ ਜੀ ਪ੍ਰਧਾਨ ਗੁਜਰਾਂਵਾਲਾ ਐਜੂਕੇਸ਼ਨਲ ਕੌਂਸਲ, ਪ੍ਰੋ. ਜਗਜੀਤ ਕੌਰ, ਸ. ਅਰਵਿੰਦਰ ਸਿੰਘ ਜਨਰਲ ਸਕੱਤਰ ਗੁਜਰਾਂਵਾਲਾ ਐਜੂਕੇਸ਼ਨਲ ਕੌਂਸਲ, ਮੈਂਬਰ ਸ. ਹਰਸ਼ਰਨ ਸਿੰਘ ਨਰੂਲਾ, ਵਿਸ਼ੇਸ਼ ਮਹਿਮਾਨ ਵਜੋਂ ਪ੍ਰਿੰ. ਜਸਵੰਤ ਸਿੰਘ ਗਿੱਲ ਸਿਡਨੀ (ਆਸਟਰੇਲੀਆ) ਤੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਅਤੇ ਪੰਜਾਬੀ ਵਿਭਾਗ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਸ. ਪ. ਸਿੰਘ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਜਿੱਥੇ ਹਰ ਤਿੰਨ ਮਹੀਨੇ ਬਾਅਦ ਪਰਵਾਸ ਦਾ ਨਵਾਂ ਅੰਕ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਉੱਥੇ ਹੁਣ ਤੱਕ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰੂ ਨਾਨਕ ਵਿਸ਼ੇਸ਼ ਅੰਕ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ, ਦੋ ਕਿਸਾਨੀ ਵਿਸ਼ੇਸ਼ ਅੰਕ ਅਤੇ ਦੋ ਕਰੋਨਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਗਏ ਹਨ। ਆਸਟਰੇਲੀਆ ਤੋਂ ਆਏ ਵਿਸ਼ੇਸ਼ ਮਹਿਮਾਨ ਵਜੋਂ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਨੇ ਇਸ ਮੌਕੇ ਪਰਵਾਸੀ ਕੇਂਦਰ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਉਹ ਪਿਛਲੇ ਇੱਕ ਦਹਾਕੇ ਤੋਂ ਆਸਟਰੇਲੀਆ ਵਿਖੇ ਪਰਵਾਸੀ ਜੀਵਨ ਹੰਢਾ ਰਹੇ ਹਨ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

ਆਸਟਰੇਲੀਆ ਵਿਖੇ ਰਹਿ ਰਹੇ ਪੰਜਾਬੀ ਲੇਖਕਾਂ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਉਨ੍ਹਾਂ ਨੇ ਸ਼ਲਾਘਾ ਕੀਤੀ।

ਡਾ. ਭੁਪਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਕਿਹਾ ਕਿ 'ਪਰਵਾਸ' ਮੈਗਜ਼ੀਨ ਨੇ ਅੱਜ ਵਿਸ਼ਵ ਭਰ ਵਿੱਚ ਆਪਣੀ ਇੱਕ ਅਲੱਗ ਪਛਾਣ ਕਾਇਮ ਕੀਤੀ ਹੈ। ਅਨੇਕਾਂ ਹੀ ਅਣਪ੍ਰਕਾਸ਼ਿਤ ਤੇ ਅਣਪਛਾਤੇ ਲੇਖਕਾਂ ਨੂੰ ਇੱਕ ਮੰਚ ਮੁਹੱਈਆ ਕਰਵਾਉਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਉਹਨਾਂ ਨੇ ਦੱਸਿਆ ਕਿ ਇਸ ਅੰਕ ਵਿੱਚ ਵੱਖ-ਵੱਖ ਮੁਲਕਾਂ ਵਿੱਚ ਵੱਸਦੇ 17 ਕਵੀਆਂ ਇੰਦਰਜੀਤ ਕੌਰ ਸਿੱਧੂ (ਕੈਨੇਡਾ), ਕੁਲਵੰਤ ਕੌਰ ਢਿੱਲੋਂ (ਯੂ. ਕੇ.), ਤਰਨਦੀਪ ਬਿਲਾਸਪੁਰ (ਨਿਊਜ਼ੀਲੈਂਡ), ਡਾ. ਲਖਵਿੰਦਰ ਸਿੰਘ ਗਿੱਲ (ਕੈਨੇਡਾ), ਗੁਰਸ਼ਰਨ ਸਿੰਘ ਅਜੀਬ (ਯੂ. ਕੇ.), ਹੈਪੀ ਅਸ਼ੋਕ ਚੌਧਰੀ (ਕੈਨੇਡਾ), ਕਰਨ ਅਜਾਇਬ ਸਿੰਘ ਸੰਘਾ, (ਕੈਨੇਡਾ), ਸੰਤੋਖ ਸਿੰਘ ਭੁੱਲਰ (ਯੂ. ਕੇ.), ਬਿਕਰਮ ਸੋਹੀ (ਅਮਰੀਕਾ), ਤਾਰਾ ਸਿੰਘ 'ਤਾਰਾ' (ਯੂ. ਕੇ.), ਗੁਰਮੇਲ ਕੌਰ ਸੰਘਾ (ਥਿੰਦ) (ਯੂ. ਕੇ.), ਜੀ. ਐਸ. ਰੁਪਾਣਾ (ਆਸਟਰੇਲੀਆ), ਬਲਜੀਤ ਖ਼ਾਨ (ਕੈਨੇਡਾ), ਕਰਮ ਸਿੰਘ 'ਕਰਮ', (ਯੂ. ਕੇ.), ਰਾਜਪਾਲ ਬੋਪਾਰਾਏ (ਕੈਨੇਡਾ), ਗੁਰਿੰਦਰ ਕੌਰ ਗਿੱਲ (ਮਲੇਸ਼ੀਆ), ਦਿਲਬਾਗ ਸਿੰਘ ਖਹਿਰਾ (ਇਟਲੀ) ਦੀਆਂ ਕਵਿਤਾਵਾਂ ਇਸ ਅੰਕ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਦੋ ਕਹਾਣੀਆਂ ਸੁਰਜੀਤ ਸਿੰਘ (ਆਸਟਰੇਲੀਆ), ਅੰਜੂਜੀਤ (ਜਰਮਨੀ) ਅਤੇ ਇੱਕ ਹਾਸ ਵਿਅੰਗ ਲੇਖ ਮੰਗਤ ਕੁਲਜਿੰਦ (ਸਿਆਟਲ) ਇਸ ਅੰਕ ਦਾ ਹਿੱਸਾ ਬਣੇ ਹਨ।

ਇਸ ਦੇ ਨਾਲ ਹੀ ਵੱਖ-ਵੱਖ ਆਲੋਚਕਾਂ ਵੱਲੋਂ ਭਾਰਤੀ ਤੇ ਪਰਵਾਸੀ ਪੰਜਾਬੀ ਸਾਹਿਤ ਨੂੰ ਆਧਾਰ ਬਣਾ ਕੇ ਕੀਤੀ ਗਈ ਆਲੋਚਨਾ ਨੂੰ ਪੁਸਤਕ ਚਰਚਾ, ਪੁਸਤਕ ਰੀਵਿਊ ਤੇ ਭਾਰਤੀ ਪੰਜਾਬੀ ਸਾਹਿਤ ਜਾਣ-ਪਛਾਣ ਸਿਰਲੇਖ ਅਧੀਨ ਰੱਖਿਆ ਗਿਆ ਹੈ। ਪ੍ਰੋ. ਸਰਬਜੀਤ ਸਿੰਘ (ਕੈਨੇਡਾ) ਵੱਲੋਂ ਸਜਣ ਮੇਰੇ ਰੰਗੁਲੇ ਸਿਰਲੇਖ ਅਧੀਨ ਪਰਵਾਸੀ ਪੰਜਾਬੀ ਲੇਖਕ ਸ਼ਿਵਚਰਨ ਗਿੱਲ ਦੀ ਸਾਹਿਤਕ ਦੇਣ ਸਬੰਧੀ ਮੁੱਲਵਾਨ ਲੇਖ ਲਿਖਿਆ ਗਿਆ ਹੈ। ਪ੍ਰੋਗਰਾਮ ਦੇ ਅਖੀਰ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਜੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਪ੍ਰੋ ਜਗਜੀਤ ਕੌਰ ਜੀ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਪੰਜਾਬੀ ਵਿਭਾਗ ਦੇ ਸੀਨੀਅਰ ਅਧਿਆਪਕ ਡਾ. ਗੁਰਪ੍ਰੀਤ ਸਿੰਘ ਨੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ, ਡਾ. ਦਲੀਪ ਸਿੰਘ, ਡਾ. ਸ਼ੁਸਮਿੰਦਰਜੀਤ ਕੌਰ, ਡਾ. ਮਨਦੀਪ ਕੌਰ ਰੰਧਾਵਾ, ਪ੍ਰੋ. ਜਸਮੀਤ ਕੌਰ ਤੇ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।

# ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵੇਜ਼ ਸੰਧੂ ਦਾ ਕਹਾਣੀ ਸੰਗ੍ਰਹਿ ਬਲੌਰੀ ਅੱਖ ਵਾਲਾ ਮੁੰਡਾ ਲੋਕ ਅਰਪਣ



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਅਮਰੀਕਾ ਵੱਸਦੀ ਕਹਾਣੀਕਾਰਾ ਪਰਵੇਜ਼ ਸੰਧੂ ਦਾ ਕਹਾਣੀ ਸੰਗ੍ਰਹਿ ਬਲੌਰੀ ਅੱਖ ਵਾਲਾ ਮੁੰਡਾ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਮੌਜੂਦਾ ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਨੇ ਕਿਹਾ ਕਿ ਪਰਵੇਜ਼ ਨੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ ਮੁੱਠੀ ਭਰ ਸੁਪਨੇ ਨਾਲ ਹੀ ਸਾਹਿਤਕ ਜਗਤ ਵਿੱਚ ਆਪਣੀ ਪਛਾਣ ਕਾਇਮ ਕਰ ਲਈ ਸੀ ਇਸ ਤੋਂ ਬਾਅਦ ਉਸ ਨੇ ਕਹਾਣੀ ਸੰਗ੍ਰਹਿ ਟਾਹਣੀਓਂ ਟੁੱਟੇ, ਕੋਡ ਬਲੂ ਤੇ ਇੱਕ ਵਾਰਤਕ ਪੁਸਤਕ ਕੰਵਣੀ ਪੰਜਾਬੀ ਸਾਹਿਤ ਦੀ ਝੋਲੀ ਪਾਈ। ਉਨ੍ਹਾਂ ਨੇ ਕਿਹਾ ਕਿ ਪਰਵੇਜ਼ ਦੀ ਕਹਾਣੀ ਸੌਕਣ ਨੂੰ ਪਾਠਕਾਂ ਤੇ ਆਲੋਚਕਾਂ ਵੱਲੋਂ ਬਹੁਤ ਸਲਾਹਿਆ ਗਿਆ।

ਪ੍ਰੋ ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕੈਡਮੀ, ਲੁਧਿਆਣਾ ਨੇ ਦੱਸਿਆ ਕਿ ਪੰਜਾਬ ਦੇ ਪਿੰਡ ਕੰਗ ਜਗੀਰ ਵਿੱਚ ਜਨਮੀ ਪਰਵੇਜ਼ 1978 ਵਿੱਚ ਅਮਰੀਕਾ ਜਾ ਵੱਸੀ। ਪਰਵੇਜ਼ ਦੀਆਂ ਲਿਖਤਾਂ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਪਰਵੇਜ਼ ਨੇ ਦਰਦਾਂ ਦੀ ਪੰਡ ਚੁੱਕੀ ਹੋਈ ਹੈ, ਉਸ ਦੀ ਸਾਹਿਤ ਸਾਧਨਾ ਉਸ ਨੂੰ ਦੁੱਖਾਂ ਵਿੱਚ

ਠਾਹਰ ਦਿੰਦੀ ਹੈ। ਉਸ ਦੀ ਬੇਟੀ ਦੀ ਮੌਤ ਦਾ ਜ਼ਖਮ ਉਸਦੇ ਅੰਦਰ ਰਿਸਦਾ ਹੈ। ਆਪਣੀ ਧੀ ਨੂੰ ਚਿਤਵਦਿਆਂ ਉਸਨੇ ਕੋਡ ਬਲੂ ਕਹਾਣੀ ਲਿਖੀ ਤੇ ਨਾਲ ਹੀ ਸਵੀਨਾ ਦੇ ਨਾਮ ਤੇ ਪੁਸਤਕ ਪ੍ਰਕਾਸ਼ਨ ਦਾ ਕਾਰਜ ਵੀ ਕਰ ਰਹੀ ਹੈ।

ਡਾ ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਬਲੌਰੀ ਅੱਖਾਂ ਵਾਲਾ ਮੁੰਡਾ ਕਹਾਣੀ ਸੰਗ੍ਰਹਿ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ ਪਰਵੇਜ਼ ਨੇ ਇਨ੍ਹਾਂ ਕਹਾਣੀਆਂ ਵਿੱਚ ਮਨੁੱਖ ਦੇ ਸੂਖ਼ਮ ਤੋਂ ਸੂਖਮ ਭਾਵਾਂ ਨੂੰ ਬਹੁਤ ਹੀ ਸ਼ਿੱਦਤ ਨਾਲ ਪੇਸ਼ ਕੀਤਾ ਹੈ ਇਨ੍ਹਾਂ ਕਹਾਣੀਆਂ ਵਿੱਚ ਪੇਸ਼ ਪਾਤਰ ਤੇ ਵਰਤਾਰੇ ਉਸ ਨਾਲ ਵਾਬਸਤਾ ਹਨ। ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਪਰਵੇਜ਼ ਅਮਰੀਕੀ ਸਮਾਜ ਦੇ ਨਾਕਾਰਾਤਮਕ ਰੁਝਾਨਾਂ ਤੇ ਇਸਦੇ ਨੌਜਵਾਨ ਪੀੜ੍ਹੀ ਤੇ ਪੈ ਰਹੇ ਮਾੜੇ ਪ੍ਰਭਾਵਾਂ ਪ੍ਰਤੀ ਚਿੰਤਿਤ ਹੈ। ਸਹਿਜਪ੍ਰੀਤ ਮਾਂਗਟ ਤੇ ਸ਼ਾਇਰ ਤ੍ਰੈਲੋਚਨ ਲੋਚੀ ਨੇ ਵੀ ਵਿਸ਼ੇਸ਼ ਤੌਰ ’ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬੀ ਵਿਭਾਗ ਦੇ ਅਧਿਆਪਕ ਮੁਖੀ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ ਤੇ ਪ੍ਰੋ. ਜਸਮੀਤ ਕੌਰ ਵੀ ਹਾਜ਼ਰ ਰਹੇ।






# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਵਿਚਾਰ ਚਰਚਾ ਢਾਹਾਂ ਪੁਰਸਕਾਰ ਜੇਤੂ ਪੁਸਤਕਾਂ




ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ 2021 ਦੀਆਂ ਢਾਹਾਂ ਪੁਰਸਕਾਰ ਜੇਤੂ ਪੁਸਤਕਾਂ ਤੇ ਵਿਚਾਰ ਚਰਚਾ ਹਿੱਤ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਵੈਬੀਨਾਰ ਦੇ ਆਰੰਭ ਵਿੱਚ ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਰਸਮੀ ਤੌਰ ਤੇ ਜੀ ਆਇਆਂ ਕਿਹਾ। ਪ੍ਰੋ. ਸਾਧੂ ਬਿਨਿੰਗ ਲੇਖਕ ਕੈਨੇਡਾ ਨੇ ਇਸ ਪੁਰਸਕਾਰ ਦੇ ਆਰੰਭ ਅਤੇ ਉਦੇਸ਼ ਬਾਰੇ ਗੱਲਬਾਤ ਕਰਦਿਆਂ ਬਰਜਿੰਦਰ ਢਾਹਾਂ ਤੇ ਉਸ ਦੇ ਪਰਿਵਾਰ ਦਾ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਸਨੇਹ ਨੂੰ ਵੀ ਉਜਾਗਰ ਕੀਤਾ। ਡਾ. ਧਨਵੰਤ ਕੌਰ ਨੇ ਤਿੰਨਾਂ ਪੁਸਤਕਾਂ 'ਮਿੱਟੀ ਬੋਲ ਪਈ' (ਬਲਬੀਰ ਮਾਧੋਪੁਰੀ), 'ਜੋਗੀ ਸੱਪ ਤਰਾਹ' (ਨੈਣ ਸੁੱਖ) ਅਤੇ 'ਆਪਣੇ ਆਪਣੇ ਮਰਸੀਏ' (ਸਰਘੀ) ਦੇ ਵਿਭਿੰਨ ਸਰੋਕਾਰਾਂ ਤੋਂ ਸ੍ਰੋਤਿਆਂ ਨੂੰ ਜਾਣੂ ਕਰਵਾਇਆ। ਬਲਬੀਰ ਮਾਧੋਪੁਰੀ ਨੇ ਆਪਣੇ ਮੁਢਲੇ ਜੀਵਨ, ਸਾਹਿਤ ਸਫ਼ਰ ਅਤੇ ਇਸ ਨਾਵਲ ਦੀ ਸਿਰਜਣਾ ਬਾਰੇ ਚਰਚਾ ਕੀਤੀ। ਨੈਣ ਸੁੱਖ ਲਹਿੰਦੇ ਪੰਜਾਬ ਦੇ ਲੇਖਕ ਨੇ ਆਪਣੇ ਕਹਾਣੀ ਸੰਗ੍ਰਹਿ ਬਾਰੇ ਕਿਹਾ ਕਿ ਇਹ ਪੁਸਤਕ ਉਨ੍ਹਾਂ ਲੋਕਾਂ ਨੂੰ ਸਮਰਪਿਤ ਹੈ ਜਿਨ੍ਹਾਂ ਦੀ ਸਮੇਂ ਦੇ ਬਦਲਾਅ ਨਾਲ ਪਛਾਣ ਧੁੰਦਲੀ ਹੁੰਦੀ ਜਾ ਰਹੀ ਹੈ। ਉਹਨਾਂ ਨੇ ਜੋਗੀਆਂ ਤੇ ਕਬੀਲਿਆਂ ਦੇ ਲੋਕਾਂ ਦੇ ਦੁਖਾਂਤ ਨੂੰ ਇਸ ਵਿੱਚ ਸਿਰਜਿਆ ਹੈ। ਪ੍ਰੋ. ਸਰਘੀ ਨੇ ਕਿਹਾ ਕਿ ਕਹਾਣੀ ਮੈਨੂੰ ਗੁੜ੍ਹਤੀ ਵਿੱਚ ਮਿਲੀ ਹੈ। ਮੈਂ ਬਚਪਨ ਤੋਂ ਹੀ ਆਪਣੇ ਪਿਤਾ ਦਲਬੀਰ ਚੇਤਨ ਵਲੋਂ ਘਰ ਵਿੱਚ ਸਿਰਜੇ ਸਾਹਿਤਕ ਮਾਹੌਲ ਤੋਂ ਪ੍ਰਭਾਵਿਤ ਸੀ। ਇਸ ਕਹਾਣੀ ਸੰਗ੍ਰਹਿ ਵਿੱਚ ਪ੍ਰੋ. ਸਰਘੀ ਨੇ ਔਰਤ ਮਨ ਦੀਆਂ ਅਕਾਂਖਿਆਵਾਂ, ਰੀਝਾਂ, ਸਧਰਾਂ, ਸੰਘਰਸ਼, ਦੋਚਿੱਤੀਆਂ ਨੂੰ ਚਿਤਰਿਆ ਹੈ। ਡਾ. ਤੇਜਿੰਦਰ ਕੌਰ, ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਇਸ ਵੈਬੀਨਾਰ ਦਾ ਸੰਚਾਲਨ ਕੀਤਾ।

# ਡਾ. ਹਰਭਜਨ ਸਿੰਘ ਭਾਟੀਆ ਨੂੰ ਇਪਸਾ ਲਿਟਰੇਚਰ ਐਵਾਰਡ

## ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਮੁਬਾਰਕਾਂ



ਬ੍ਰਿਸਬੇਨ, ਆਸਟਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਹਰ ਸਾਲ ਭਾਰਤੀ ਸਾਹਿਤ ਉਤਸਵ ਬ੍ਰਿਸਬੇਨ ਵਿੱਚ ਹਿੰਦੀ-ਉਰਦੂ ਅਤੇ ਪੰਜਾਬੀ ਵਿੱਚੋਂ ਕਿਸੇ ਇੱਕ ਭਾਸ਼ਾ ਵਿੱਚ ਪਾਏ ਸਾਹਿਤਕ ਯੋਗਦਾਨ ਲਈ "ਇਪਸਾ ਲਿਟਰੇਚਰ ਐਵਾਰਡ" ਦਿੱਤਾ ਜਾਂਦਾ ਹੈ। ਇਪਸਾ ਵੱਲੋਂ ਆਯੋਜਿਤ ਇੱਕ ਵਿਸ਼ੇਸ਼ ਮੀਟਿੰਗ ਵਿੱਚ ਸਰਬ-ਸੰਮਤੀ ਨਾਲ ਸਾਲ 2022 ਲਈ ਪੰਜਾਬੀ ਸਾਹਿਤ ਦੇ ਨਾਮਵਰ ਵਿਦਵਾਨ, ਆਲੋਚਕ ਡਾ. ਹਰਭਜਨ ਸਿੰਘ ਭਾਟੀਆ ਦਾ ਨਾਮ ਨਾਮਜ਼ਦ ਕੀਤਾ ਗਿਆ। ਡਾ. ਹਰਭਜਨ ਸਿੰਘ ਭਾਟੀਆ ਆਧੁਨਿਕ ਪੰਜਾਬੀ ਆਲੋਚਨਾ ਵਿੱਚ ਸਭ ਤੋਂ ਵੱਧ ਵਿਚਾਰਿਆ ਜਾਣ ਵਾਲਾ ਆਲੋਚਕ ਹੀ ਨਹੀਂ, ਉਹ ਸਮਕਾਲੀਨ ਪੰਜਾਬੀ ਆਲੋਚਨਾ ਵਿੱਚ ਪੜ੍ਹਤ, ਪਹੁੰਚ ਅਤੇ ਪਾਸਾਰ ਦੇ ਪੱਖ ਤੋਂ ਨਵੇਂ ਆਲੋਚਕਾਂ ਦੀ ਰਹਿਨੁਮਾਈ ਕਰਨ ਵਾਲਾ ਵਿਦਵਾਨ ਵੀ ਹੈ। ਡਾ. ਹਰਭਜਨ ਸਿੰਘ ਭਾਟੀਆ ਦੀ ਮੈਟਾ-ਆਲੋਚਨਾ ਦਿਸ਼ਾਪੂਰਨ ਅਗਵਾਈ ਕਰਦੀ ਹੋਈ ਨਵੀਂਆਂ ਸੰਭਾਵਨਾਵਾਂ ਲਈ ਜ਼ਮੀਨ ਤਿਆਰ ਕਰਦੀ ਹੈ। ਡਾ. ਹਰਭਜਨ ਸਿੰਘ ਭਾਟੀਆ ਨੇ ਵਿਧੀਗਤ ਤਰੀਕੇ ਨਾਲ ਪੰਜਾਬੀ ਆਲੋਚਨਾ ਦਾ ਵਿਸ਼ਲੇਸ਼ਣ ਕਰਦਿਆਂ ਤਰਕ ਅਧਾਰਤ ਆਧਾਰਸ਼ਿਲਾ ਤਿਆਰ ਕੀਤੀ ਹੈ। ਉਸ ਨੇ ਨਵੇਂ ਸਮੀਖਿਆ ਮਾਪਦੰਡਾਂ, ਅਧਿਐਨ ਜ਼ਾਵੀਏ ਅਤੇ ਅਵਲੋਕਨ ਨਜ਼ਰੀਏ ਨੂੰ ਘੜਣ ਦੇ ਨਾਲ ਨਾਲ ਪੰਜਾਬੀ ਆਲੋਚਨਾ ਦੀ ਪੁਖ਼ਤਾ, ਪ੍ਰਵਾਨਿਤ ਅਤੇ ਪ੍ਰਮਾਣਿਕ ਇਤਿਹਾਸਕਾਰੀ ਵੀ ਕੀਤੀ ਹੈ। ਇਸ ਉਤਸਵ ਦੀ ਤਰੀਕ ਜਲਦ ਹੀ ਐਲਾਨੀ ਜਾਏਗੀ, ਜਿਸ ਵਿੱਚ ਕਰੋਨਾ ਕਾਰਨ ਸਥਗਿਤ ਹੋਏ ਪੰਜਵੇਂ ਇਪਸਾ ਲਿਟਰੇਚਰ ਐਵਾਰਡ ਲਈ ਐਲਾਨੀ ਗਈ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਅਤੇ ਡਾ. ਹਰਭਜਨ ਸਿੰਘ ਭਾਟੀਆ ਜੀ ਨੂੰ ਇਕੱਠਿਆਂ ਇਸ ਵਰ੍ਹੇ ਦੇ ਭਾਰਤੀ ਸਾਹਿਤ ਉਤਸਵ ਬ੍ਰਿਸਬੇਨ ਵਿੱਚ ਇਹ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਡਾ. ਭਾਟੀਆ ਦੀ ਇਸ ਪੁਰਸਕਾਰ ਲਈ ਨਾਮਜ਼ਦਗੀ ਇਸ ਸਨਮਾਨ ਦੇ ਵਕਾਰ ਅਤੇ ਇਕਬਾਲ ਵਿੱਚ ਹੋਰ ਵਾਧਾ ਕਰੇਗੀ। ਇਸ ਪੁਰਸਕਾਰ ਦੇ ਨਾਲ 500 ਡਾਲਰ ਦੀ ਰਾਸ਼ੀ, ਸੋਵੀਨਾਰ ਅਤੇ ਇੱਕ ਸ਼ਾਲੇ ਦੁਸ਼ਾਲਾ ਸ਼ਾਮਿਲ ਹੈ। ਜ਼ਿਕਰਯੋਗ ਹੈ ਕਿ ਆਸਟਰੇਲੀਆ ਵਿੱਚ ਦਿੱਤਾ ਜਾਣ ਵਾਲਾ ਇਹ ਵੱਕਾਰੀ ਪੁਰਸਕਾਰ ਡਾ. ਹਰਭਜਨ ਸਿੰਘ ਭਾਟੀਆ ਅਤੇ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਤੋਂ ਪਹਿਲਾਂ ਹਿੰਦੀ ਇਤਿਹਾਸਕਾਰ ਪ੍ਰੋ. ਸਰਵਾ ਦਮਨ ਸਿੰਘ, ਉਰਦੂ ਸ਼ਾਇਰ ਖੁਸ਼ਬੀਰ ਸਿੰਘ ਸ਼ਾਦ, ਹਿੰਦੀ ਸ਼ਾਇਰਾ ਰੇਖਾ ਰਾਜਵੰਸ਼ੀ, ਉਰਦੂ ਸ਼ਾਇਰ ਅਸਰਫ਼ ਸ਼ਾਦ ਨੂੰ ਮਿਲ ਚੁੱਕਾ ਹੈ।

ਸਰਬਜੀਤ ਸੋਹੀ, ਆਸਟਰੇਲੀਆ

# ਪਰਵਾਸੀ ਸਾਹਿਤ ਅਧਿਐਨ ਕੇਂਦਰ



ਜਸਤੇਜ ਸਿੱਧੂ ਲੇਖਕ (ਅਮਰੀਕਾ) ਨੂੰ ਸਨਮਾਨਿਤ ਕਰਦੇ ਹੋਏ



ਡਾ. ਗੁਰਬੀਰ ਸਿੰਘ ਭੁੱਲਰ (ਸਵਿਟਜ਼ਰਲੈਂਡ) ਤੇ ਸੁਰਜੀਤ ਮਾਧੋਪੁਰੀ (ਸਰੀ, ਕੈਨੇਡਾ) ਨੂੰ ਸਨਮਾਨਿਤ ਕਰਦੇ ਹੋਏ

# ਆਸਟਰੇਲੀਆ ਵਿਸ਼ੇਸ਼ ਅੰਕ ਦੇ ਵਿਸ਼ੇਸ਼ ਸਹਿਯੋਗੀ



**ਡਾ. ਅਵਤਾਰ ਐਸ. ਸੰਘਾ**
ਸਿਡਨੀ



**ਡਾ. ਦਵਿੰਦਰ ਜੀਤਲਾ**
ਸਿਡਨੀ



**ਰਸਨਾ**
ਮੈਲਬਰਨ



**ਗੁਰਬਚਨ ਸਿੰਘ ਜਗਪਾਲ**
ਸਿਡਨੀ



**ਹਰਮਨਪ੍ਰੀਤ ਸਿੰਘ ਗਿੱਲ**
ਬ੍ਰਿਸਬੇਨ



**ਸੁਰਿੰਦਰ ਸਿਦਕ**
ਐਡੀਲੇਡ



**ਕੁਲਜੀਤ ਕੌਰ ਗ਼ਜ਼ਲ**
ਮੈਲਬਰਨ



**ਡਾ. ਅਮਰਜੀਤ ਸਿੰਘ ਟਾਂਡਾ**
ਸਿਡਨੀ



**ਸਰਬਜੀਤ ਸੋਹੀ**
ਬ੍ਰਿਸਬੇਨ